# ਨਦੀ ਕਲਾਵੇ ਰੇਤ

(ਗ਼ਜ਼ਲ ਸੰਗ੍ਰਹਿ)



# ਨਦੀ ਕਲਾਵੇ ਰੇਤ

(ਗ਼ਜ਼ਲ ਸੰਗ੍ਰਹਿ)

ਦੀਪਕ

**Nadi Kalawe Reit**

*by*

**Deepak**

VPO. Dhalewan, Distt. Mansa

2010
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2010*

*Produced and Bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਕੁਝ ਸ਼ਬਦ

ਪੰਜਾਬੀ ਗ਼ਜ਼ਲ ਦਾ ਆਰੰਭ ਭਾਵੇਂ ਉਰਦੂ ਗ਼ਜ਼ਲ ਤੋਂ ਪਹਿਲਾਂ ਹੋ ਗਿਆ ਸੀ ਪਰ ਕਈ ਦਹਾਕੇ (ਭਾਵ 1701 ਤੋਂ 1900 ਈ. ਤੱਕ) ਇਸ ਵੱਲ ਕਿਸੇ ਨੇ ਧਿਆਨ ਨਹੀਂ ਸੀ ਦਿੱਤਾ।

ਸ਼ਾਹ ਮੁਰਾਦ ਤੋਂ ਪਿਛੋਂ ਮੌਲਾ ਬਖ਼ਸ਼ ਕੁਸ਼ਤਾ ਨੇ ਏਧਰ ਧਿਆਨ ਦਿੱਤਾ ਤੇ ਉਸ ਦਾ ਦੀਵਾਨ 1903 ਈ. ਵਿੱਚ ਛਪਿਆ ਪਰ ਉਸ ਦੀਆਂ ਗ਼ਜ਼ਲਾਂ ਫ਼ਾਰਸੀ ਤੇ ਉਰਦੂ ਗ਼ਜ਼ਲਾਂ ਦੇ ਮੋਹ ਦੇ ਪ੍ਰਭਾਵ ਤੋਂ ਮੁਕਤ ਨਾ ਹੋ ਸਕੀਆਂ।

ਪਰ ਪੰਜਾਬੀ ਗ਼ਜ਼ਲ ਵਿਚ ਪੰਜਾਬੀ ਰਹਿਤਲ, ਸੁਭਾ ਅਤੇ ਬੁਲੰਦ ਖਿਆਲੀ ਪਹਿਲੀ ਵਾਰੀ ਪ੍ਰੋ. ਮੋਹਨ ਸਿੰਘ ਦੀਆਂ ਗ਼ਜ਼ਲਾਂ ਵਿਚ ਹੀ ਵਿਦਮਾਨ ਹੋਈ।

ਇਸਦੇ ਨਾਲ ਨਾਲ ਬਾਵਾ ਬਲਵੰਤ ਅਤੇ ਈਸ਼ਵਰ ਚਿਤਰਕਾਰ ਦੀਆਂ ਪੰਜਾਬੀ ਗ਼ਜ਼ਲਾਂ ਵਿਚ ਵੱਖਰੀ ਨੁਹਾਰ, ਗਹਿਰਾਈ, ਬੁਲੰਦੀ ਅਤੇ ਨਾਜ਼ੁਕ ਖ਼ਿਆਲੀ ਆਈ।

ਪੰਜਾਬੀ ਵਿੱਚ ਅੱਜ ਭਾਵੇਂ ਕਈ ਦਰਜਨਾਂ ਕਵੀ ਗ਼ਜ਼ਲਾਂ ਕਹਿ ਰਹੇ ਹਨ ਪਰ ਪਿਛਲੇ ਕੁਝ ਚਿਰ ਤੋਂ ਪੰਜਾਬੀ ਗ਼ਜ਼ਲ ਫੇਰ ਨਿਵਾਣ ਵੱਲ ਜਾਣੀ ਆਰੰਭ ਹੋ ਗਈ ਸੀ।

ਪੰਜਾਬੀ ਦੇ ਕੁਝ ਅਸਲੋਂ ਨਵੇਂ ਕਵੀਆਂ ਦੀ ਬਦੌਲਤ ਪੰਜਾਬੀ ਗ਼ਜ਼ਲ ਫੇਰ ਬੁਲੰਦੀ ਵਲ ਅਗਰਸਰ ਹੋ ਰਹੀ ਪ੍ਰਤੀਤ ਹੁੰਦੀ ਹੈ।

ਇਹਨਾਂ ਗ਼ਜ਼ਲਗੋਆਂ ਵਿੱਚ ਹੀ 'ਦੀਪਕ ਕੁਮਾਰ' ਦਾ ਨਾਮ ਸ਼ੁਮਾਰ ਕੀਤਾ ਜਾ ਸਕਦਾ ਹੈ। ਉਸਦੀਆਂ ਗ਼ਜ਼ਲਾਂ ਦਾ ਮੁਹਾਂਦਰਾ ਪੂਰਬਲੀ ਗ਼ਜ਼ਲ ਤੋਂ ਕਾਫ਼ੀ ਵੱਖਰਾ ਤੇ ਪ੍ਰਭਾਵਸ਼ਾਲੀ ਹੈ ਜਿਵੇਂ

ਮੇਰੇ ਅੰਦਰ ਉਹ ਡੁੱਬਦੀ ਹੈ, ਜਾਂ ਮੈਨੂੰ ਡੋਬਦੀ ਹੈ।
ਪਤਾ ਲਗਦਾ ਨਹੀਂ ਰਸਤੇ 'ਚ ਇਕ ਐਸੀ ਨਦੀ ਹੈ।

**

ਸ਼ੀਸ਼ੇ ਦਾ ਪਾਉਣ ਏਥੇ ਅਕਸਰ ਲਿਬਾਸ ਲੋਕੀ
ਤੁਰਦੇ ਨੇ ਪੱਥਰਾਂ ਦੀ ਵੀ ਨਾਲ ਓਟ ਲੈ ਕੇ।

**

ਮਿੱਟੀ ਦੀ ਸੀ ਬਸਾਤ ਤੇ ਬਾਰਿਸ਼ ਦੀ ਨਰਦ ਹਰ ਇਕ
ਉਹ ਖੇਡਦੇ ਸੀ ਬਾਜ਼ੀ ਧੁੱਪਾਂ ਨੂੰ ਨਾਲ ਲੈ ਕੇ।

ਉਪਰੋਕਤ ਸ਼ਿਅਰ ਸਧਾਰਨ ਅਰਥਚਾਰੇ ਵਾਲੇ ਨਹੀਂ ਬਲਕਿ ਬੜੇ ਹੀ ਗਹਿਰੇ ਅਰਥਚਾਰੇ ਵਾਲੇ ਹਨ।

ਦੂਸਰਾ ਸ਼ਿਅਰ ਅੱਜ ਦੇ ਸਿਆਸਤਦਾਨਾਂ ਅਤੇ ਦੰਭੀਆਂ ਉਤੇ ਹੀ ਭਰਪੂਰ ਵਿਅੰਗ ਨਹੀਂ ਬਲਕਿ ਗ਼ਾਲਿਬ ਵਰਗੇ ਮਹਾਨ ਸ਼ਾਇਰਾਂ ਦੇ ਸ਼ਿਅਰਾਂ ਵਾਂਗ ਕਈ ਰਾਜ਼ਦਾਨਾ ਅਰਥ ਸਮੇਟੀ ਬੈਠਾ ਹੈ।

ਉਸਦੇ ਕੁਝ ਹੋਰ ਸ਼ਿਅਰ ਵੀ ਇਸ ਤਰ੍ਹਾਂ ਦਾ ਅਰਥਚਾਰਾ ਸਮੋਈ ਬੈਠੇ ਹਨ। ਜਿਵੇਂ

ਸ਼ੀਸ਼ੇ ਦਾ ਜਿਸਮ ਤੇਰਾ ਮੇਰੀ ਨਿਗਾਹ ਪੱਥਰ,
ਨਾ ਦੇਖ ਇਸ ਤਰ੍ਹਾਂ ਤੂੰ ਮੇਰੇ ਕਰੀਬ ਬਹਿ ਕੇ।

ਇਕ ਕਮਾਲ ਦਾ ਹੋਰ ਸ਼ਿਅਰ ਵੇਖੋ। ਮਹਿਬੂਬ ਦੇ ਸਰਕ ਜਾਣ ਦੇ ਖ਼ਿਆਲ ਵਿਚ ਕਿੰਨੀ ਬੁਲੰਦ ਪਰਵਾਜ਼ੀ ਹੈ।

ਉਹ ਮੇਰੇ ਕੋਲ ਵੀ ਹੈ, ਜਾਪਦਾ ਹੈ ਦੂਰ ਵੀ ਏਦਾਂ,
ਕਿਨਾਰੇ ਤੋਂ ਸਰਕ ਜਾਂਦੈ ਜਿਵੇਂ ਦਰਿਆ ਪਰ੍ਹਾਂ ਨੂੰ।

ਇਸ ਸ਼ਿਅਰ ਦੀ ਬੁਲੰਦੀ ਦਾ ਮੁਕਾਬਲਾ ਕਿਸੇ ਭਾਸ਼ਾ ਦੇ ਵੀ ਬੁਲੰਦ ਤੋਂ ਬੁਲੰਦ ਸ਼ਿਅਰਾਂ ਨਾਲ ਕੀਤਾ ਜਾ ਸਕਦਾ ਹੈ।

ਉਸਦਾ ਇਕ ਹੋਰ ਕਮਾਲ ਦਾ ਬੁਲੰਦ ਤੇ ਗਹਿਰਾ ਸ਼ਿਅਰ ਵੇਖੋ।

ਕੀ ਪਤਾ ਕਿੰਨੇ ਸਮੁੰਦਰ ਉਸਦੇ ਅੰਦਰ ਨੇ ਅਜੇ
ਸਿਸਕਦਾ ਦਰਿਆ ਨਦੀ ਦੇ ਕੋਲ ਜਾ ਕੇ ਰੋ ਪਿਆ।

ਦਰਿਆ ਦੇ ਅੰਦਰ ਸਮੁੰਦਰ ਹੋਣੇ ਅਤੇ ਉਸਦਾ ਨਦੀ ਕੋਲ ਜਾ ਕੇ ਰੋ ਪੈਣਾ ਅਜਿਹਾ ਅਰਥਚਾਰਾ ਸਿਰਜਦਾ ਹੈ ਜਿਸ ਬਾਰੇ ਕਦੇ ਕਿਸੇ ਨੇ ਸੋਚਿਆ ਵੀ ਨਹੀਂ ਹੋਵੇਗਾ। ਇਹ ਸ਼ਿਅਰ ਏਨਾ ਬੁਲੰਦ ਹੈ ਕਿ ਇਸਦੀ ਬੁਲੰਦੀ ਤੱਕ ਪਹੁੰਚਣਾ ਹਿਮਾਲਾ ਦੀ ਬੁਲੰਦੀ ਤੱਕ ਪਹੁੰਚਣ ਵਾਂਗ ਹਾਰੀ ਸਾਰੀ ਲਈ ਅਸੰਭਵ ਹੈ।

ਉਸਦਾ ਇਕ ਹੋਰ ਸ਼ਿਅਰ ਵੇਖੋ :

ਜਰ ਨਹੀਂ ਸਕਿਆ ਜਾਂ ਉਹ ਮੇਰੀ ਉਦਾਸੀ ਜ਼ਿੰਦਗੀ,
ਤੋੜਕੇ ਰਿਸ਼ਤੇ ਮਿਰੇ ਅੰਦਰ ਉਹ ਆ ਕੇ ਰੋ ਪਿਆ।

ਉਸਦੇ ਕੁਝ ਹੋਰ ਬੁਲੰਦ ਤੇ ਗਹਿਰੇ ਸ਼ਿਅਰ ਵੇਖੋ :

ਤਿੜਕੇ ਸ਼ੀਸ਼ੇ, ਤਿੱਖੇ ਖ਼ੰਜਰ, ਦਿੰਦੇ ਨੇ ਕਨਸੋ,
ਕਿਸ਼ਤੀ ਵਰਗੇ ਲੋਕ ਪਤਾ ਨਈਂ ਕਿੱਥੇ ਦੇਣ ਡਬੋ।

**

ਅੱਧੀ ਰਾਤੀਂ ਜੰਗਲ ਵਿੱਚੋਂ ਵਾਪਸ ਆਈ ਪੌਣ,
ਨਾਲ ਲਿਜਾਣਾ ਭੁੱਲ ਗਈ ਸੀ ਉਹ ਦੀਵੇ ਦੀ ਲੋ।

ਉਸ ਨਦੀ ਦੇ ਬਦਨ 'ਤੇ ਹੁਣ ਫ਼ਿਕਰ ਜਾਂ ਕੁਝ ਹੋਰ ਹੈ,
ਜੋ ਸਮੁੰਦਰ ਵਿਚ ਚਿਰਾਂ ਤੋਂ ਸੀ ਨਗਨ ਨਾਉਂਦੀ ਰਹੀ।

**

ਮਿਰੇ ਅੰਦਰ ਚੁਭਨ ਹੈ, ਤੜਪ ਹੈ, ਖਾਮੋਸ਼ੀਆਂ ਵੀ ਨੇ,
ਤਿਰੇ ਬਿਨ ਅੰਦਰੋਂ ਮੇਰੇ ਜਿਵੇਂ ਹੈ ਮਰ ਗਿਆ ਕੋਈ।

**

ਮੈਂ ਖ਼ੁਦ ਵੀ ਲਾਪਤਾ ਹੋਇਆਂ, ਨਾ ਹੈ ਤੇਰਾ ਪਤਾ ਕੋਈ,
ਪਤਾ ਹੁੰਦਾ ਤਾਂ ਮੈਂ ਤੇਰਾ ਪਤਾ ਹੀ ਲੈ ਲਿਆ ਹੁੰਦਾ।

**

ਬੜਾ ਹੀ ਅਜਬ ਹੈ ਕੌਤਿਕ, ਜੋ ਉਮਰਾਂ ਬਾਅਦ ਹੋਇਆ ਹੈ,
ਮੈਂ ਖ਼ੁਦ ਹੀ ਲਾਪਤਾ ਰਹਿਨਾਂ, ਤਿਰਾ ਖ਼ਤ ਆ ਗਿਆ ਕਿੱਦਾਂ ?

**

ਇਹ ਕੈਸੀ ਸੀ ਅਜਬ ਮੂਰਤ, ਉਦ੍ਹੇ ਕਮਰੇ 'ਚ ਜੋ ਵੇਖੀ,
ਕਿ ਇਕ ਸਹਿਰਾ ਪਿਆਸਾ ਸੀ ਨਦੀ ਦੇ ਮੰਜ਼ਰਾਂ ਅੰਦਰ।

ਉਸਦੇ ਬਿਹਤਰੀਨ ਸ਼ਿਅਰਾਂ ਦੀ ਗਿਣਤੀ ਉਸਦੇ ਆਮ ਜਹੇ ਸ਼ਿਅਰਾਂ ਤੋਂ ਵਧੇਰੇ ਹੈ।

ਮੇਰਾ ਯਕੀਨ ਹੀ ਨਹੀਂ ਬਲਕਿ ਵਿਸ਼ਵਾਸ ਹੈ ਕਿ ਉਹ ਨਵੀਂ ਪੀੜ੍ਹੀ ਦੇ ਬੁਲੰਦ ਸ਼ਾਇਰਾਂ ਵਿੱਚੋਂ ਇੱਕ ਹੋਵੇਗਾ।

ਉਸਦੇ ਸ਼ਿਅਰਾਂ ਵਿਚ ਕਿਤੇ-ਕਿਤੇ ਬਹਿਰ ਦੀ ਕਮੀ ਜ਼ਰੂਰ ਰੜਕਦੀ ਹੈ ਪਰ ਮੈਨੂੰ ਪੂਰਨ ਯਕੀਨ ਹੈ ਕਿ ਉਹ ਆਉਣ ਵਾਲੇ ਸਮੇਂ ਵਿਚ ਇਹ ਕਮੀ ਵੀ ਦੂਰ ਕਰ ਲਵੇਗਾ।

**ਜਗਤਾਰ**
ਦਸ਼ਮੇਸ਼ ਐਵੀਨਿਊ, 1/25, ਜਲੰਧਰ

## ਗ਼ਜ਼ਲ

ਮੇਰੇ ਅੰਦਰ ਉਹ ਡੁੱਬਦੀ ਹੈ, ਜਾਂ ਮੈਨੂੰ ਡੋਬਦੀ ਹੈ।
ਪਤਾ ਲਗਦਾ ਨਹੀਂ ਰਸਤੇ 'ਚ ਇੱਕ ਐਸੀ ਨਦੀ ਹੈ।

ਜਿਵੇਂ ਸੱਯਾਦ ਕੋਈ ਪੰਛੀਆਂ ਦੀ ਤਾਕ ਵਿਚ ਰਹਿੰਦਾ,
ਨਦੀ ਦੀ ਅੱਖ ਮੈਨੂੰ ਇਸ ਤਰ੍ਹਾਂ ਹੁਣ ਵੇਖਦੀ ਹੈ।

ਸਮੁੰਦਰ ਘਿਰ ਗਿਆ ਜਾਂ ਕਿਸ਼ਤੀਆਂ ਦੀ ਤੋਰ ਅੰਦਰ,
ਨਹੀਂ ਸੁਝਦਾ ਨਦੀ ਨੂੰ ਜਾਂ ਨਦੀ ਹੁਣ ਸੋਚਦੀ ਹੈ।

ਨਦੀ ਨੂੰ ਚੁੰਮਦਾ ਬਾਹਾਂ 'ਚ ਲੈ, ਮੇਰੀ ਨਜ਼ਰ ਤਦ,
ਨਦੀ ਦੇ ਜਿਸਮ ਦੇ ਉਤਰਾ-ਚੜ੍ਹਾ ਨੂੰ ਵੇਖਦੀ ਹੈ।

ਮੈਂ ਅਪਣੇ ਆਪ 'ਚੋਂ ਵੀ ਆਪ ਨੂੰ ਲੱਭਦਾ ਨਹੀਂ ਹਾਂ,
ਨਦੀ ਦੀ ਅੱਖ ਵਿਚ ਮੇਰੀ ਸ਼ਕਲ ਸਾਂਭੀ ਪਈ ਹੈ।

* * *

## ਗ਼ਜ਼ਲ

ਜ਼ਿਹਨ ਵਿਚ ਸੀ ਯਾਦ ਤੇਰੀ ਸਾਹਮਣੇ ਤੇਰਾ ਗਰਾਂ।
ਰੁਕ ਗਿਆ ਰਸਤੇ 'ਚ ਮੈਂ ਭਟਕੇ ਮੁਸਾਫ਼ਿਰ ਦੀ ਤਰ੍ਹਾਂ।

ਜਿਸ ਸ਼ਖ਼ਸ ਦਾ ਇਸ਼ਕ ਮੈਨੂੰ ਕਰ ਗਿਆ ਅੱਲ੍ਹਾ ਖ਼ੁਦਾ,
ਓਸਦੇ ਮੱਥੇ ਸ਼ਿਕਨ ਮੈਂ ਦਿਲ ਕਹੇ ਕਿੱਦਾਂ ਜਰਾਂ?

ਪੌਣ ਮੇਰੇ ਹੱਥ ਵਿਚ ਸੀ ਦੇ ਗਈ ਬਲਦਾ ਚਿਰਾਗ਼,
ਪੌਣ ਦੇ ਵਾਲਾਂ 'ਚ ਮੈਂ ਵੀ ਲਾਲ ਸੂਹਾ ਰੰਗ ਭਰਾਂ।

ਇਕ ਸਮਾਂ ਸੀ ਰੰਗ ਸੀ, ਜਾਂ ਫੁੱਲ ਸੀ, ਹੁਣ ਹੈ ਖ਼ਿਜਾ,
ਬੀਤ ਜਾਵੇ ਜ਼ਿੰਦਗੀ ਬਸ ਉਸ ਤਰ੍ਹਾਂ ਜਾਂ ਇਸ ਤਰ੍ਹਾਂ।

ਆ ਗਿਆ ਖ਼ਤ 'ਦੀਪ' ਦਾ ਦਿਲ ਦੀ ਜ਼ਿਆਰਤ ਹੋ ਗਈ,
ਹੱਥ ਚ ਹੈ, ਸਾਹਾਂ ਚ ਹੈ, ਅੱਖਾਂ ਚ ਹੈ ਕਿੱਥੇ ਧਰਾਂ?

* * *

## ਗ਼ਜ਼ਲ

ਅਮਨ ਦੀ ਬਾਤ ਚਲਦੀ ਹੈ ਸ਼ਹਿਰ ਦੇ ਖ਼ੰਜਰਾਂ ਅੰਦਰ।
ਇਹ ਕੌਤਕ ਵੇਖ ਕੇ ਪੱਥਰ ਬਣੇ ਲੋਕੀ ਘਰਾਂ ਅੰਦਰ।

ਸਮਝ ਕੇ ਏਸ ਨੂੰ ਕਿਣਕਾ ਕਿਤੇ ਨਾ ਮਾਤ ਖਾ ਜਾਵੀਂ
ਬੜੀ ਵੱਡੀ ਛੁਪੀ ਹੁੰਦੀ ਵਜ੍ਹਾ ਛੋਟੇ ਡਰਾਂ ਅੰਦਰ।

ਇਹ ਕੈਸੀ ਸੀ ਅਜਬ ਮੂਰਤ ਉਦ੍ਹੇ ਕਮਰੇ 'ਚ ਜੋ ਵੇਖੀ,
ਕਿ ਇਕ ਸਹਿਰਾ ਪਿਆਸਾ ਸੀ ਨਦੀ ਦੇ ਮੰਜ਼ਰਾਂ ਅੰਦਰ।

ਤੇਰੀ ਪਾਕੀ ਮੁਹੱਬਤ ਦੇ ਮਿਰੇ ਅੰਦਰ ਨੇ ਕਣ ਬਾਕੀ,
ਬੜਾ ਕੁਝ ਬਿਰਖ਼ ਬਣ ਉਗਦਾ ਜਿਸਮ ਦੇ ਖੰਡਰਾਂ ਅੰਦਰ।

ਤੜਪ, ਜਜ਼ਬਾਤ ਸਾਹਵੇਂ ਇਹ ਗ਼ਜ਼ਲ ਮਿਸਰੇ ਵੀ ਛੋਟੇ ਨੇ,
ਨਦੀ ਕਦ ਸਿਮਟ ਸਕਦੀ ਹੈ ਨਦੀ ਦੇ ਕੰਕਰਾਂ ਅੰਦਰ।

* * *

## ਗ਼ਜ਼ਲ

ਵਿਹੜਿਆਂ ਵਿਚ ਉਗ ਰਹੀ ਹੈ ਕਲਮ ਇਕ ਤਲਵਾਰ ਵਰਗੀ।
ਚੰਨ ਮੱਥੇ ਚਮਕਦਾ ਹੈ ਖ਼ੰਜਰਾਂ ਦੀ ਧਾਰ ਵਰਗੀ।

ਉਹ ਮੇਰੀ ਖਾਤਿਰ ਕਦੇ ਬੂਹਾ ਕਦੇ ਬਾਰੀ ਬਣੇ ਪਰ,
ਹੋਂਦ ਮੇਰੀ ਹੋ ਗਈ ਇਸ ਤੋਰ ਵਿਚ ਦੀਵਾਰ ਵਰਗੀ।

ਸਮਝਦਾ ਸਾਂ ਜਿਸ ਨਦੀ ਨੂੰ ਹੈ ਬੜੀ ਸਾਲਮ ਪਵਿੱਤਰ,
ਬਦਨ ’ਤੇ ਉਸਦੇ ਤਰੇੜਾਂ, ਅੰਦਰੋਂ ਸੀ ਗ਼ਾਰ ਵਰਗੀ।

ਅਜਬ ਹੀ ਉਸਦੀ ਅਦਾ ਤੇ ਅਜਬ ਹੀ ਉਸਦਾ ਮਿਲਨ ਹੈ,
ਕਰ ਰਹੀ ਹੈ ਗੁਫ਼ਤਗੂ ਪਰ ਕਰ ਰਹੀ ਤਕਰਾਰ ਵਰਗੀ।

ਹਾਰ ਚੁੱਕਾਂ ਜ਼ਿੰਦਗੀ ਦੇ ਅੰਤਲੇ ਇਸ ਮੋੜ ’ਤੇ ਮੈਂ,
ਜ਼ਿੰਦਗੀ ਹਾਰੇ ਹੋਏ ਖਰਗੋਸ਼ ਦੀ ਰਫ਼ਤਾਰ ਵਰਗੀ।

* * *

## ਗ਼ਜ਼ਲ

ਮੁੜ ਪਿਆਂ ਕਿੱਥੋਂ ਮੈਂ ਕਿੰਨੀ ਦੂਰ ਜਾ ਕੇ।
ਮਨ ਬੜਾ ਪਰ ਰੱਖਿਐ ਸਮਝਾ ਬੁਝਾ ਕੇ।

ਪੌਣ ਦਾ ਪੱਲਾ ਤਾਂ ਫੜ੍ਹਿਆ ਘੁੱਟ ਕੇ ਸੀ,
ਪੌਣ ਫਿਰ ਵੀ ਲੈ ਗਈ ਪੱਲਾ ਛੁਡਾ ਕੇ।

ਗ਼ਮ ਨਹੀਂ ਕਿ ਤੁਰ ਗਏ ਕਰ ਕੇ ਇਕੱਲਾ,
ਗ਼ਮ ਤਾਂ ਇਹ ਕਿ ਉਹ ਗਏ ਕੀਤਾ ਜਿਤਾ ਕੇ।

ਦਿਲ ਚ ਅਜ ਤੱਕ ਯਾਦ ਵੀ ਸਾਂਭੀ ਪਈ ਏ।
ਖ਼ਤ ਤਿਰਾ ਰੱਖਿਆ ਹੈ ਸ਼ੀਸ਼ੇ ਜੜਾ ਕੇ,

ਉਹ ਸਮੰਦਰ ਪਾਰ ਥਲ ’ਤੇ ਲੈ ਗਈ,
ਇਕ ਨਦੀ ਨੇ ਡੋਬਿਆ ਕਿੱਥੇ ਲਿਜਾ ਕੇ।

* * *

## ਗ਼ਜ਼ਲ

ਰਾਤ ਜਿਸਨੂੰ ਸਮਝਦੇ ਹੋ ਫ਼ਜ਼ਰ ਉਸਦੇ ਕੋਲ ਹੈ।
ਮੰਨਿਆ ਮਾਸੂਮ ਹੈ ਉਹ ਤੇ ਅਜੇ ਅਣਬੋਲ ਹੈ।

ਵਕਤ ਹੁਣ ਬਚਿਆ ਨਹੀਂ ਕਿ ਕੋਲ ਤੇਰੇ ਆ ਸਕਾਂ,
ਕੋਲ ਤੇਰੇ ਆਉਣ ਦਾ ਕਾਰਨ ਤਾਂ ਭਾਵੇਂ ਕੋਲ ਹੈ।

ਆਣ ਕੇ ਮੁੜਦੀ ਰਹੀ ਸੁੰਨੇ ਚੁਰੱਸਤੇ ਤੋਂ ਮਗਰ,
ਖੌਫ਼ ਉਸ ਸੁਨਸਾਨ ਦਾ ਅੱਜ ਤੱਕ ਵੀ ਉਸਦੇ ਕੋਲ ਹੈ।

ਉਹ ਬੜਾ ਚਿਰ ਪਰਦਿਆਂ 'ਤੇ ਆਣ ਕੇ ਸੀ ਗਰਜਿਆ,
ਪਰਦਿਆਂ ਪਿੱਛੇ ਛੁਪੇ ਹੁਣ ਖੁਲ੍ਹ ਗਈ ਜਦ ਪੋਲ ਹੈ।

ਰਹਿਣ ਦੇ ਤੂੰ ਇਸ ਵਕਤ ਨਾ ਜ਼ਿਕਰ ਛੇੜੀਂ ਆਉਣ ਦਾ,
ਜ਼ਿੰਦਗੀ ਵਿਚ ਰੰਗ, ਹਰਕਤ ਨਾ ਅਜੇ ਸਮਤੋਲ ਹੈ।

* * *

## ਗ਼ਜ਼ਲ

ਚਿਹਰਿਆਂ ਦੇ ਨਾਲ ਹੁਣ ਅੰਦਾਜ਼ ਵੀ ਤਬਦੀਲ ਹੈ।
ਆਦਮੀ ਦੇ ਪੈਰ ਹੁਣ ਭੌਂਰੀ ਨਹੀਂ ਹੈ ਵ੍ਹੀਲ ਹੈ।

ਝੀਲ ਚੋਂ ਨਿਕਲੀ ਨਹਾ ਕੇ, ਝੀਲ ਨੇ ਤਦ ਆਖਿਆ,
ਤੇਰਿਆਂ ਨੈਣਾਂ 'ਚ ਵੀ ਏਸੇ ਤਰ੍ਹਾਂ ਦੀ ਝੀਲ ਹੈ।

ਸਹਿਜਤਾ ਸੀ ਪਿੰਡ ਦੀ ਜੋ ਸ਼ਹਿਰ ਆ ਭਟਕਣ ਬਣੀ,
ਵਾਪਸੀ ਮੁਮਕਿਨ ਨਹੀਂ ਹੁਣ ਪਿੰਡ ਵੀ ਤਬਦੀਲ ਹੈ।

ਆਦਮੀ ਦੇ ਡੰਗ ਮਾਰੇ ਇਸ ਕਦਰ ਕੀਤਾ ਅਸਰ,
ਬਿਰਖ਼ ਸੁੱਕੇ ਦੇ ਬਦਨ 'ਤੇ ਸਬਜ਼ ਹਰ ਇਕ ਨੀਲ ਹੈ।

ਕੁਝ ਪਤਾ ਲਗਦਾ ਨਹੀਂ ਕਾਫ਼ਿਰ ਹਾਂ ਜਾਂ ਸਾਦਿਕ ਤਿਰਾ,
ਸਾਮ੍ਹਣੇ ਚਿਹਰਾ ਤਿਰਾ ਹੱਥਾਂ 'ਚ ਪਰ ਅੰਜੀਲ ਹੈ।

* * *

## .ਗ਼ਜ਼ਲ

ਬੜਾ ਕੁਝ ਜਰਦੀਆਂ ਛਾਵਾਂ।
ਕਿ ਜੀ ਜੀ ਮਰਦੀਆਂ ਛਾਵਾਂ।

ਮੁਸਾਫਿਰ ਤੀਕ ਛਾਂ ਕਰਕੇ,
ਕਿ ਧੁੱਪੇ ਸੜਦੀਆਂ ਛਾਵਾਂ।

ਛਲਾਵਾ ਵੀ, ਭੁਲਾਵਾ ਵੀ,
ਬਹੁਤ ਕੁਝ ਕਰਦੀਆਂ ਛਾਵਾਂ।

ਕਦੇ ਜੁਗਨੂੰ, ਕਦੇ ਦੀਵਾ,
ਹਥੇਲੀ ਧਰਦੀਆਂ ਛਾਵਾਂ।

ਕਦੇ ਵੀ ਤਲਖ਼ ਨਾ ਹੋਵਣ,
ਖ਼ੁਦਾ ਦੇ ਘਰ ਦੀਆਂ ਛਾਵਾਂ।

ਇਹ ਉਲਫ਼ਤ ਵੀ, ਉਦਾਸੀ ਵੀ,
ਜ਼ਮਾਨੇ ਭਰ ਦੀਆਂ ਛਾਵਾਂ।

ਇਨ੍ਹਾਂ ਦਾ ਹੇਜ ਹੈ ਕਿਧਰੇ,
ਕਿਤੇ ਇਹ ਵਰਦੀਆਂ ਛਾਵਾਂ।

ਰਹਿਣ ਸਾਲਮ, ਪਵਿੱਤਰ ਇਹ,
ਕਿ ਹਰ ਇਕ ਘਰ ਦੀਆਂ ਛਾਵਾਂ।

* * *

## ਗ਼ਜ਼ਲ

ਕੁਝ ਉਦਾਸੇ ਜ਼ਿੰਦਗੀ ਦੇ ਪਲ ਮਿਲੇ।
ਤੇਰੇ ਵਾਂਗੂ ਲੱਗ ਕੇ ਉਹ ਗਲ ਮਿਲੇ।

ਮੈਂ ਸਮੁੰਦਰ ਸਮਝ ਕੇ ਤੁਰਦਾ ਰਿਹਾ,
ਨੇੜ ਜਾ ਕੇ ਵੇਖਿਆ ਤਾਂ ਥਲ ਮਿਲੇ।

ਵੇਖਦਾਂ ਹਰ ਕੋਣ ਤੋਂ ਮੈਂ ਇਸ ਲਈ,
ਏਸ ਤੋਂ ਪਹਿਲਾਂ ਫ਼ਰੇਬ, ਛਲ ਮਿਲੇ।

ਰੂਹ ਕੁਈ ਲੱਭੇ ਬਦਨ ਦੀ ਕੈਦ ਚੋਂ,
ਹਰ ਮੁਸਾਫ਼ਿਰ ਨੂੰ ਬਦਨ ਦਾ ਤਲ ਮਿਲੇ।

ਭੇਜ ਦੇਣਾ ਸ਼ਿਕਵਿਆਂ ਦੇ ਨਾਲ-ਨਾਲ,
ਅੱਖਰਾਂ ਦੀ ਔੜ ਦਾ ਜੇ ਹੱਲ ਮਿਲੇ।

* * *

## ਗ਼ਜ਼ਲ

ਸੁਪਨਿਆਂ ਵਿਚ ਭਟਕਣਾ ਜਾਰੀ ਰਹੀ।
ਨੀਂਦ ਵੀ ਮਜਬੂਰੀਆਂ ਮਾਰੀ ਰਹੀ।

ਲੋਕ ਸਾਰੇ ਮਿਲ ਮਿਲਾ ਕੇ ਤੁਰ ਗਏ,
ਬੱਸ ਮੇਰੇ ਮਿਲਣ ਦੀ ਵਾਰੀ ਰਹੀ।

ਮੈਂ ਮੁਖਾਤਿਬ ਮਹਿਕ ਦੇ ਜਾਂ ਪੌਣ ਦੇ,
ਗੁਲਸਿਤਾਂ ਨਾਲ ਇਸ ਤਰ੍ਹਾਂ ਯਾਰੀ ਰਹੀ।

ਇਕ ਨਦੀ ਦਾ ਵੇਖਿਆ ਕੌਤਕ ਅਜਬ,
ਜੋ ਸਮੰਦਰ ’ਤੇ ਸਦਾ ਭਾਰੀ ਰਹੀ।

ਪਿੰਡ ਦੇ ਵਿਚ ਮੋਹ, ਮੁਰੱਵਤ, ਮਹਿਫ਼ਿਲਾਂ,
ਸ਼ਹਿਰ ਦੀ ਆਬੋ-ਹਵਾ ਖ਼ਾਰੀ ਰਹੀ।

ਸਾਮ੍ਹਣੇ ਆ ਡਟ ਗਏ ‘ਭੀਸ਼ਮ’, ‘ਦਰੋਣ’,
ਪਾਂਡਵਾਂ ਦੀ ਫੌਜ ਪਰ ਪਿਆਰੀ ਰਹੀ।

‘ਦੀਪ’ ਤੇਰੀ ਹਰ ‘ਗ਼ਜ਼ਲ’ ਦੀ ਸ਼ਾਖ ਤੇ,
ਫ਼ਿਕਰ ਦੇ ਖ਼ੰਜਰ ਦੀ ਕਿਉਂ ਧਾਰੀ ਰਹੀ।

* * *

## ਗ਼ਜ਼ਲ

ਚਾਹਤਾਂ ਦਾ ਸਿਲਸਿਲਾ ਤਾਂ ਆਮ ਹੈ।
ਘਰ 'ਚ ਮੇਰੇ ਪਰ ਉਦਾਸੀ ਸ਼ਾਮ ਹੈ।

ਢੂੰਡਦਾ ਹੈ ਦਿਲ ਸੁਰਾਹੀ, ਜਾਮ ਪਰ,
ਤੇਰਿਆਂ ਨੈਣਾਂ 'ਚ ਲਟਕੀ ਸ਼ਾਮ ਹੈ।

ਨਾਲ ਲੈ ਕੇ ਤੁਰ ਪਵਾਂ ਮੈਂ ਕਿਸ ਤਰ੍ਹਾਂ,
ਮੇਰੀਆਂ ਗ਼ਜ਼ਲਾਂ ਤੇ ਸੌ ਇਲਜ਼ਾਮ ਹੈ।

ਜਾ ਕਿਤੇ ਖੰਡਰ 'ਚ ਦੀਵਾ ਬਾਲ ਦੇ,
ਇਹ ਨਹੀਂ ਜਾਣੀ ਜੋ ਨੈਣੀਂ ਸ਼ਾਮ ਹੈ।

ਪਰਤ ਕੇ ਆਉਣਾ ਨਹੀਂ ਮੈਂ ਹੁਣ ਕਦੇ,
ਨਾਮ ਤੇਰੇ ਆਖ਼ਰੀ ਪੈਗ਼ਾਮ ਹੈ।

* * *

## ਗ਼ਜ਼ਲ

ਮਹਿਕ ਵਸੇ ਵਿਚ ਸਾਹਾਂ ਤੇਰੇ ਵਿੱਚ ਬਦਨ ਖ਼ੁਸ਼ਬੋ।
ਜਾਂ ਮੈਂ ਤੇਰਾ ਹੋ ਜਾਂਦਾ ਹਾਂ ਜਾਂ ਤੂੰ ਮੇਰਾ ਹੋ।

ਤਿੜਕੇ ਸ਼ੀਸ਼ੇ, ਤਿੱਖੇ ਖ਼ੰਜਰ ਦਿੰਦੇ ਨੇ ਕਨਸੋ,
ਕਿਸ਼ਤੀ ਵਰਗੇ ਲੋਕ ਪਤਾ ਨੀਂ ਕਿੱਥੇ ਦੇਣ ਡੁਬੋ।

ਬਰਤ, ਨਮਾਜ਼ਾਂ, ਮੰਦਰ, ਮਸਜਿਦ ਹਉਮੇਂ ਦਾ ਹੀ ਨਾਂ,
ਇਸ਼ਕ, ਮੁਹੱਬਤ, ਯਾਰੀ ਹੁੰਦੇ ਅੱਲ੍ਹਾ ਦੀ ਕਨਸੋ।

ਅੱਧੀ ਰਾਤੀਂ ਜੰਗਲ ਵਿਚੋਂ ਵਾਪਸ ਆਈ ਪੌਣ,
ਨਾਲ ਲਿਜਾਣਾ ਭੁੱਲ ਗਈ ਸੀ ਉਹ ਦੀਵੇ ਦੀ ਲੋ।

ਥਾਂ-ਥਾਂ ਖ਼ੰਜਰ ਖੁੱਭੇ ਹੋਏ ਨੈਣਾਂ ਦੇ ਵਿਚ ਰੇਤ,
ਪਾਗਲ ਪੌਣ ਪਿਆਸੀ ਪਰਤੀ ਕਿੱਥੋਂ ਆਈ ਹੋ।

ਬਣ ਜਾਵੇ ਨਾ ਖ਼ਬਰ ਕਿਤੇ ਇਹ ਪੌਣਾਂ ਵੀ ਮੁਖ਼ਬਰ,
ਨਿੱਤ ਕਹੇਂ ਤੂੰ ਮੈਨੂੰ ਦੋ ਪਲ ਮੇਰੇ ਕੋਲ ਖਲੋ।

ਛੇੜ ਗ਼ਜ਼ਲ ਨੂੰ ਪਿੱਛੋਂ ਪਹਿਲਾਂ ਦਿਲ ਦੇ ਖੋਲ੍ਹ ਕਪਾਟ,
ਗਿਣਤੀ ਮਿਣਤੀ ਵਾਲਾ ਨਾਲੇ ਮਨ 'ਚੋਂ ਬੂਹਾ ਢੋ।

* * *

## ਗ਼ਜ਼ਲ

ਹਵਾ ਮੇਰੇ ਸ਼ਹਿਰ ਦੀ ਨੇ ਵੀ ਰੁਖ ਹੁਣ ਬਦਲਿਆ ਹੋਣੈ।
ਕਿ ਮੇਰੇ ਸ਼ਹਿਰ ਦਾ ਹਰ ਬਸ਼ਰ ਵੀ ਤਾਂ ਤੜਪਿਆ ਹੋਣੈ।

ਜੁ ਥੋੜੇ ਪੁਰਖਿਆਂ ਦੇ ਨਾਲ ਸਦੀਆਂ ਪਹਿਲ ਹੋਇਆ ਸੀ,
ਤੁਸੀਂ ਉਹ ਹਾਦਸਾ ਵੀ ਸ਼ੀਸ਼ਿਆਂ ਵਿਚ ਜੜ ਲਿਆ ਹੋਣੈ।

ਨਦੀ ਦੇ ਪਾਣੀਆਂ ਵਿਚ ਵੇਖਦਾਂ ਅਕਸਰ ਹੀ ਹਲਚਲ ਮੈਂ,
ਸਮੰਦਰ ਨੇ ਨਦੀ ਦੇ ਬਦਨ ਨੂੰ ਵੀ ਚੁੰਮਿਆ ਹੋਣੈ।

ਜੁ ਮੈਨੂੰ ਮੀਲ ਪੱਥਰ ਚਿਤਵਦੇ ਸੀ ਚੇਤਿਆਂ ਅੰਦਰ,
ਗ਼ਜ਼ਲ ਪੜ੍ਹ ਕੇ ਮਿਰੀ ਉਹਨਾਂ ਵੀ ਫਿਰ ਤੋਂ ਸੋਚਿਆ ਹੋਣੈ।

ਨ ਉਸਦਾ ਹੈ ਪਤਾ ਕੋਈ ਨ ਉਸ ਦਾ ਖ਼ਤ ਕੁਈ ਆਇਆ,
ਤੁਸੀਂ ਉਸ ਲਾਪਤਾ ਨੂੰ ਹੈ ਕਿਤੇ ਤਾਂ ਵੇਖਿਆ ਹੋਣੈ।

* * *

## ਗ਼ਜ਼ਲ

ਫ਼ਜ਼ਰ ਦੇ ਨੇ ਰਾਤ ਨੂੰ ਕੁਝ ਅਣਲਿਖੇ ਖ਼ਤ ਰਹਿ ਗਏ।
ਔੜ ਦੇ ਬਰਸਾਤ ਨੂੰ ਕੁਝ ਅਣਲਿਖੇ ਖ਼ਤ ਰਹਿ ਗਏ।

ਜੋ ਤਿਰੇ ਦਿਲ ਦੇ ਕਿਸੇ ਕੋਨੇ 'ਚ ਦੱਬੀ ਰਹਿ ਗਈ,
ਅਣਕਹੀ ਉਸ ਬਾਤ ਨੂੰ ਕੁਝ ਅਣਲਿਖੇ ਖ਼ਤ ਰਹਿ ਗਏ।

ਹਰ ਸ਼ਖ਼ਸ ਨੂੰ ਜ਼ਿੰਦਗੀ ਦਾ ਜ਼ਹਿਰ ਪੀਣਾ ਪੈ ਗਿਆ,
ਵਕਤ ਸਿਰ ਸੁਕਰਾਤ ਨੂੰ ਕੁਝ ਅਣਲਿਖੇ ਖ਼ਤ ਰਹਿ ਗਏ।

ਰਾਤ ਆ ਕੇ ਨਾ ਮਿਲੇ ਇਹ ਹੋ ਨਹੀਂ ਸਕਦਾ ਜਨਾਬ,
ਮੰਨਿਆ ਕਿ ਰਾਤ ਨੂੰ ਕੁਝ ਅਣਲਿਖੇ ਖ਼ਤ ਰਹਿ ਗਏ।

ਜੋ ਮਿਰਾ ਕੱਜਣ ਕਦੇ ਕਿਸ਼ਤੀ, ਕਦੇ ਕਲਮਾ ਬਣੀ,
ਉਮਰ ਦੀ ਉਸ ਰਾਤ ਨੂੰ ਕੁਝ ਅਣਲਿਖੇ ਖ਼ਤ ਰਹਿ ਗਏ।

ਉਂਝ ਤਾਂ ਤੇਰੇ ਪਤੇ 'ਤੇ ਖ਼ਤ ਬੜੇ ਭੇਜੇ ਮਗਰ,
ਪੀੜ ਦੇ ਜਜ਼ਬਾਤ ਨੂੰ ਕੁਝ ਅਣਲਿਖੇ ਖ਼ਤ ਰਹਿ ਗਏ।

* * *

## .ਗ਼ਜ਼ਲ

ਹਸਦਾ ਚਿਹਰਾ ਉੱਤਰ ਗਿਆ ਹੈ।
ਜਦ ਮਿਲ ਤੇਰਾ ਉੱਤਰ ਗਿਆ ਹੈ।

ਤੈਨੂੰ ਦੇਣ ਲਈ ਕੋਲ ਕੀ ਮੇਰੇ,
ਇੱਕ ਸਮਾਂ ਸੀ ਗੁਜਰ ਗਿਆ ਹੈ।

ਸੂਰਜ ਆਉਣ ਦਾ ਕਰਕੇ ਵਾਅਦਾ,
ਰਾਤ ਪਈ ਤਾਂ ਮੁੱਕਰ ਗਿਆ ਹੈ।

ਘਰ ਵਿਚ ਮੇਰੇ ਬਿਖ਼ਰਨ ਜੋਗਾ,
ਸਭ ਕੁਝ ਸੀ ਜੋ ਬਿਖ਼ਰ ਗਿਆ ਹੈ।

ਤੂੰ ਵੀ ਦੋ ਪਲ ਹੋਰ ਠਹਿਰ ਜਾ,
ਵਕਤ ਕਦੋਂ ਦਾ ਠਹਿਰ ਗਿਆ ਹੈ।

***

## ਗ਼ਜ਼ਲ

ਛੱਡ ਤੇਰੇ ਜਾਣ ਦਾ ਹੁਣ ਗ਼ਮ ਨਹੀਂ।
ਮੈਂ ਸਬੂਤਾਂ ਅੱਖ ਮੇਰੀ ਨਮ ਨਹੀਂ।

ਘਰ ਚ ਮੇਰੇ ਔੜ ਵੀ, ਸੈਲਾਬ ਵੀ,
ਪਰ ਅਜੇ ਦੋਹਾਂ ਦੇ ਵਿਚ ਸੰਗਮ ਨਹੀਂ।

ਜ਼ਿੰਦਗੀ ਚਾਹਤ ਦਾ ਹੀ ਤਾਂ ਨਾਮ ਪਰ,
ਚਾਹਤਾਂ ਵੀ ਇਸ ਦੀਆਂ ਕੁਝ ਕਮ ਨਹੀਂ।

ਰੰਗ ਸਾਰੇ ਖੁਰ ਗਏ ਤਸਵੀਰ ਦੇ,
ਹੋਂਦ ਮੇਰੀ ਵੀ ਬਚੀ ਸਾਲਮ ਨਹੀਂ।

ਮੰਨਿਆ ਮੁਰਝਾ ਗਿਆ ਸੂਹਾ ਗੁਲਾਬ,
ਕਾਗਜ਼ੀ ਫੁੱਲਾਂ ਤੇ ਪਰ ਸ਼ਬਨਮ ਨਹੀਂ।

* * *

## ਗ਼ਜ਼ਲ

ਯਾਦ ਹੈ ਕਿਸਦੀ ਇਹ ਜੋ ਸਾਰੇ ਸਫ਼ਰ ਨੂੰ ਖਾ ਗਈ।
ਜ਼ਿੰਦਗੀ ਫਿਰ ਪਰਤ ਕੇ ਪਹਿਲੇ ਪੜਾਅ 'ਤੇ ਆ ਗਈ।

ਮੈਂ ਮਸਾਂ ਸੀ ਮੁਕਤ ਹੋਇਆ ਦਿਨ ਖੜ੍ਹੇ ਦੀ ਕੈਦ 'ਚੋਂ,
ਰਾਤ ਆਈ ਫੇਰ ਤੋਂ ਸੂਲੀ 'ਤੇ ਹੈ ਲਟਕਾ ਗਈ।

ਬਣ ਸੰਵਰ ਕੇ ਜਾਣ ਦੀ ਸੀ ਗੱਲ ਛੇੜੀ ਅਜੇ,
ਸ਼ੀਸ਼ਿਆਂ ਦੀ ਜਾਨ 'ਤੇ ਫਿਰ ਤੋਂ ਕਿਆਮਤ ਆ ਗਈ।

ਕੀ ਵਸਲ ਦੀ ਰਾਤ ਬਾਰੇ ਸੋਚਣਾ ਜਾਂ ਜਾਨਣਾ,
ਚਾਨਣੀ ਝੋਲੀ ਚ ਟੁਕੜੇ ਹਿਜਰ ਦੇ ਜਾਂ ਪਾ ਗਈ।

ਜ਼ਿੰਦਗੀ ਦਾ ਸਫ਼ਰ ਸਾਰਾ ਮੋਮ ਦੇ ਰਸਤੇ 'ਤੇ ਸੀ,
ਹੱਥ ਫੜ ਤੁਰਨਾ ਜਦੋਂ ਸੀ ਮੋਮ ਵੀ ਪਥਰਾ ਗਈ।

ਥਾਲ ਦੇ ਪਾਣੀ ਤਰ੍ਹਾਂ ਤਦ ਡੋਲਦਾ ਸੀ ਦਿਲ ਮਿਰਾ,
ਫ਼ਜ਼ਰ ਸੀ ਜਾਂ ਰਾਤ ਅੱਧੀ ਕੋਲ ਮੇਰੇ ਆ ਗਈ।

* * *

## ਗ਼ਜ਼ਲ

ਜਿਸ ਸਮੇਂ ਮੈਂ ਬੇਪਰਾ ਸਾਂ ਉਸ ਸਮੇਂ ਪਰਵਾਜ਼ ਸੀ।
ਪਰ ਜਦੋਂ ਪਰ ਆ ਗਏ ਪਰਵਾਜ਼ ਤੋਂ ਮੁਹਤਾਜ ਸੀ।

ਬਿਰਖ਼ ਨੇ ਜਾਂ ਮੌਲਣਾ ਸੀ, ਮਹਿਕ ਸੀ ਦੇਣਾ ਸਰੂਰ,
ਉਸ ਸਮੇਂ ਮੂੰਹ ਜ਼ੋਰ ਤੇ ਅੰਨੀ ਹਵਾ ਦਾ ਰਾਜ ਸੀ।

ਮੈਂ ਰਿਹਾ ਗਰਦਿਸ਼ 'ਚ ਹਰ ਪਲ ਫੇਰ ਵੀ ਬੇਖ਼ੌਫ਼ ਸਾਂ,
ਕੀ ਕਰਾਂ ਜੇ ਤੇਰੇ ਸਿਰ 'ਤੇ ਤਾਰਿਆਂ ਦਾ ਤਾਜ ਸੀ।

ਟੰਗਿਆ ਕਾਲਰ 'ਤੇ ਜੋ ਤੂੰ ਫੁੱਲ ਇਕ ਦਿਨ ਆਣ ਕੇ,
ਹੁਣ ਫ਼ਖ਼ਰ ਹੈ ਉਸ ਸਮੇਂ ਉਸ 'ਤੇ ਬੜਾ ਹੀ ਨਾਜ਼ ਸੀ।

ਜੋ ਚੁਰਾਸੀ ਬੀਤਿਆ ਹੁਣ ਤੱਕ ਵੀ ਉਸਦਾ ਦਰਦ ਹੈ,
ਇਕ ਦੇ ਹੱਥ ਤਲਵਾਰ ਸੀ ਤੇ ਇਕ ਦੇ ਹੱਥ ਵਿਚ ਸਾਜ਼ ਸੀ।

* * *

## ਗ਼ਜ਼ਲ

ਮਿਰੇ ਰਾਹਾਂ 'ਚ ਫੁੱਲਾਂ ਨਾਲ ਸੂਲਾਂ ਧਰ ਗਿਆ ਕੋਈ।
ਖੜ੍ਹੇ ਦਿਨ ਹੀ ਭਲਾ ਕੌਤਕ ਇਹ ਕਿੱਦਾਂ ਕਰ ਗਿਆ ਕੋਈ।

ਕੁਈ ਮੰਦਿਰ, ਕੁਈ ਮਸਜਿਦ, ਕੁਈ ਗਿਰਜੇ 'ਚ ਬੈਠਾ ਹੈ,
ਇਹ ਸਾਰੇ ਲੋਕ ਪਾਗਲ ਨੇ, ਨ ਆਪਣੇ ਘਰ ਗਿਆ ਕੋਈ।

ਵਫ਼ਾ ਦਾ ਮੁੱਲ ਕੀ ਪਾਇਆ ਵਿਚਾਰੇ ਸੋਚਦੇ ਬਹਿ ਕੇ,
ਪਿਆਸੇ ਪਾਣੀਆਂ ਦੇ ਨਾਲ ਧੋਖਾ ਕਰ ਗਿਆ ਕੋਈ।

ਮਿਰੇ ਅੰਦਰ ਚੁਭਨ ਹੈ, ਤੜਪ ਹੈ, ਖਾਮੋਸ਼ੀਆਂ ਵੀ ਨੇ,
ਤਿਰੇ ਬਿਨ ਅੰਦਰੋਂ ਮੇਰੇ ਜਿਵੇਂ ਹੈ ਮਰ ਗਿਆ ਕੋਈ।

ਤੁਸੀਂ ਦੱਸੋ ਜਾਂ ਨਾ ਦੱਸੋ, ਮਗਰ ਮਹਿਸੂਸ ਹੁੰਦਾ ਹੈ,
ਕਿ ਨਖ਼ਰੇ ਸ਼ੀਸ਼ਿਆਂ ਅੰਦਰ ਹੈ ਆ ਕੇ ਧਰ ਗਿਆ ਕੋਈ।

* * *

## ਗ਼ਜ਼ਲ

ਮੇਰੇ ਅੰਦਰ ਇਕ ਸਮੁੰਦਰ ਮਾਰਦਾ ਠਾਠਾਂ ਪਿਆ।
ਸਿਤਮ ਇਹ ਮੈਂ ਓਸਦੇ ਅੰਦਰ ਪਿਆ ਹਾਂ ਡੁੱਬਿਆ।

ਘਰ ਦਿਆਂ ਦਰਵਾਜ਼ਿਆਂ 'ਤੇ ਚਾਨਣੀ ਕਰਦੀ ਕਲੋਲ,
ਕੌਣ ਹੈ ਜੋ ਮੇਰੇ ਪਿੱਛੋਂ ਆ ਕੇ ਮੇਰੇ ਘਰ ਗਿਆ।

ਹੁਣ ਕੋਈ ਬਸਤਰ ਵੀ ਮੇਰੇ ਬਦਨ 'ਤੇ ਸੋਂਹਦਾ ਨਹੀਂ,
ਰੇਸ਼ਮੀ ਬਸਤਰ ਬਦਨ ਤੇਰੇ ਦਾ ਜਦ ਤੋਂ ਓੜ੍ਹਿਆ।

ਬੁਝਣ ਵੇਲੇ ਜਿਸ ਤਰ੍ਹਾਂ ਦੀਵੇ ਦੀ ਲੋ ਹੈ ਤੜਪਦੀ,
ਵੇਖ ਤੈਥੋਂ ਵਿਛੜ ਕੇ ਏਸੇ ਤਰ੍ਹਾਂ ਹੀ ਤੜਪਿਆ।

ਕੀ ਕਰਾਂ 'ਕੁਰਆਨ', 'ਗੀਤਾ' ਜਾਂ ਕਿਸੇ 'ਅੰਜੀਲ' ਦਾ,
ਰੂਹ ਮੇਰੀ ਪਾਕ ਹੈ ਤੈਨੂੰ ਜਦੋਂ ਦਾ ਚੁੰਮਿਆ।

* * *

## ਗ਼ਜ਼ਲ

ਰਾਤ ਦੇ ਮੱਥੇ ’ਤੇ ਮੈਂ ਪਰਭਾਤ ਲਿਖ ਕੇ ਵੇਖਦਾਂ।
ਗ਼ਜ਼ਲ ਦੇ ਪਹਿਲੂ ’ਚ ਮੈਂ ਜਜ਼ਬਾਤ ਲਿਖ ਕੇ ਵੇਖਦਾਂ।

ਹਰ ਕਿਸੇ ਦੇ ਵਾਸਤੇ ਜੋ ਖ਼ੌਫ਼ ਤੇ ਖ਼ੰਜਰ ਬਣੇ,
ਮੈਂ ਉਨ੍ਹਾਂ ਦੇ ਚਿਹਰਿਆਂ ਤੇ ਮਾਤ ਲਿਖ ਕੇ ਵੇਖਦਾਂ।

ਉਸ ਸ਼ਖ਼ਸ ਦੇ ਸਿਤਮ ਦੀ ਹਰ ਇੰਤਹਾ ’ਚੋਂ ਗੁਜਰਨਾ,
ਵਿਸ਼ ਬਣੇ ਮਹਿਰਮ ਲਈ ਸੁਕਰਾਤ ਲਿਖ ਕੇ ਵੇਖਦਾਂ।

ਔੜ ਦਾ ਵੀ ਮਾਰਿਆਂ, ਧੁਖਿਆ ਅਤੇ ਜਲਿਆ ਵੀ ਹਾਂ,
ਹਰ ਗ਼ਜ਼ਲ ਦੇ ਸ਼ਿਅਰ ਵਿਚ ਬਰਸਾਤ ਲਿਖ ਕੇ ਵੇਖਦਾਂ।

ਜੋ ਹਨੇਰੇ ਨਾਲ ਲੜਦੈ ਜੋ ਸਲੀਬਾਂ ਨਾਲ ਨਿਭਦੈ,
ਆਪਣੇ ‘ਜਗਤਾਰ’ ਦੀ ਮੈਂ ਬਾਤ ਲਿਖ ਕੇ ਵੇਖਦਾਂ।

* * *

## ਗ਼ਜ਼ਲ

ਤੋੜ ਕੇ ਡਾਲੀ ਦੇ ਨਾਲੋਂ ਫੁੱਲ ਮੈਂ ਪਛਤਾ ਰਿਹਾਂ।
ਇਸ ਕਦਰ ਗ਼ਮ ਦਿਲ 'ਚ ਹੈ ਕਿ ਗ਼ਮ 'ਚ ਡੁੱਬਦਾ ਜਾ ਰਿਹਾਂ।

ਜੋ ਅਜ਼ਲ ਤੋਂ ਮੇਰੀਆਂ ਲੀਕਾਂ 'ਚ ਹੀ ਖੁਣਿਆ ਨਹੀਂ,
ਓਸ ਪਿੱਛੇ ਕਿਸ ਲਈ ਮੈਂ ਉਮਰ ਗਾਲੀ ਜਾ ਰਿਹਾਂ।

ਮਹਿਕ ਤੇਰੇ ਬਦਨ ਦੀ ਡੁੱਬੇਗੀ ਇੱਕ ਦਿਨ ਜਾਣਦਾਂ,
ਮਹਿਕ ਨੂੰ ਹੀ ਪੀ ਰਿਹਾਂ ਤੇ ਮਹਿਕ ਨੂੰ ਹੀ ਖਾ ਰਿਹਾਂ।

ਹੁਣ ਤਾਂ ਤੇਰੇ ਇਸ਼ਕ ਨੂੰ ਆਖਾਂ ਇਬਾਦਤ ਘੱਟ ਹੈ,
ਇਸ਼ਕ ਵਿਚ ਤੇਰੇ ਖ਼ੁਦਾ ਹੁਣ ਖ਼ੁਦ ਹੀ ਹੁੰਦਾ ਜਾ ਰਿਹਾਂ।

ਕੰਧ ਤੇ ਈਸਾ ਦੀ ਫੋਟੋ ਲਟਕਦੀ ਨੂੰ ਵੇਖ ਕੇ,
ਇਸ ਤਰ੍ਹਾਂ ਲੱਗੇ ਮੈਂ ਉਸਨੂੰ ਫੇਰ ਤੋਂ ਲਟਕਾ ਰਿਹਾਂ।

ਜ਼ਰਦ ਪੀਲੀ ਸ਼ਾਖ ਤੇ ਪੱਤਾ ਨ ਕੋਈ ਫੁੱਲ ਹੈ,
ਗਮਲਿਆਂ ਵਿਚ ਇਸ ਲਈ ਮੌਸਮ ਨੂੰ ਬੀਜੀ ਜਾ ਰਿਹਾਂ।

ਦੂਰ ਤੇਰੀ ਭਾਲ ਵਿਚ ਏਨਾ ਕੁ ਹਾਂ ਚਲਿਆ ਗਿਆ,
ਲੱਭਿਆ ਤੈਨੂੰ ਮਗਰ ਹੁਣ ਖੁਦ ਨੂੰ ਭਾਲੀ ਜਾ ਰਿਹਾਂ।

ਨਾਮ ਤੇਰਾ ਵਰਕਿਆਂ ਤੇ ਲਿਖ ਰਹੀ ਮੇਰੀ ਕਲਮ,
ਦੇ ਤਖ਼ੱਲਸ ਆਪਣਾ ਮਸ਼ਹੂਰ ਹੁੰਦਾ ਜਾ ਰਿਹਾਂ।

* * *

# ਗ਼ਜ਼ਲ

ਤੇਰਿਆਂ ਗੀਤਾਂ ਦੀ ਇਹ ਕਿੱਥੋਂ ਸਦਾ ਹੈ ਆ ਰਹੀ।
ਬਦਨ ਨੂੰ ਮੇਰੇ ਜਿਵੇਂ ਮਹਿਕਾ ਰਹੀ, ਨਸ਼ਿਆ ਰਹੀ।

ਪੌਣ ਲੰਘੀ ਇਸ ਤਰ੍ਹਾਂ ਕੋਲੋਂ ਜਿਵੇਂ ਕੋਈ ਅਜਨਬੀ,
ਫੇਰ ਵੀ ਛੋਹ ਓਸਦੀ ਮੈਨੂੰ ਹੈ ਛੋਂਹਦੀ ਜਾ ਰਹੀ।

ਨਾਲ ਬੈਠੀ ਸੀ ਮੇਰੇ ਪਰ ਉਮਰ ਦਾ ਸੀ ਫਾਸਲਾ,
ਇਸ ਉਮਰ ਦੇ ਫਾਸਲੇ ਵਿਚ ਉਮਰ ਲੰਘਦੀ ਜਾ ਰਹੀ।

ਪੇਟ ਤੋਂ ਭੁੱਖੀ, ਬਦਨ ਤੋਂ ਬੇਪਰਦ, ਹੱਥਾਂ ਤੋਂ ਪਰ,
ਤੀਜੇ ਨੇਤਰ ਨਾਲ ਹੈ ਲੀਕਾਂ ਨੂੰ ਵੇਂਹਦੀ ਜਾ ਰਹੀ।

ਖ਼ਤ ਤਾਂ ਤੇਰਾ ਆ ਗਿਆ ਹੈ ਮਹਿਕ ਵੀ ਓਹੀ ਮਗਰ,
ਉੱਤੇ ਪਤਾ ਮੇਰਾ ਨਹੀਂ ਜਾਂ ਨਜ਼ਰ ਹੈ ਧੁੰਦਲਾ ਰਹੀ।

ਜਿਸਮ ਵਿਚ ਭੀਸ਼ਮ ਦੇ ਜੀਕੂੰ ਤੀਰ ਸੀ ਗੱਡੇ ਪਏ,
ਉਸ ਤਰ੍ਹਾਂ ਹੀ ਜ਼ਿੰਦਗੀ ਮੈਨੂੰ ਘਸੀਟੀ ਜਾ ਰਹੀ।

* * *

## ਗ਼ਜ਼ਲ

ਅੱਖ ਦੇ ਹੰਝੂ 'ਚ ਕਿੰਨੀ ਖਾਰ ਹੈ।
ਅੱਖ ਦੇ ਹੰਝੂ 'ਚ ਪਰ ਇਤਬਾਰ ਹੈ।

ਹੰਝ ਆਵੇ ਪਲਕ ਤੇ ਤਾਂ ਸਮਝਣਾ,
ਹੈ ਖੁਸ਼ੀ ਜਾਂ ਟੁੱਟਿਆ ਇਤਬਾਰ ਹੈ।

ਨੈਣ ਤੇਰੇ ਜਾਪਦੇ ਕਲਮੇ ਜਿਹੇ,
ਈਦ ਵਰਗਾ ਜਾਪਦਾ ਦੀਦਾਰ ਹੈ।

ਕਿਸ ਤਰ੍ਹਾਂ ਦਾ ਆਦਮੀ ਮੇਰੇ ਸ਼ਹਿਰ,
ਨੈਣ ਸੇਜਲ ਹੱਥ ਵਿਚ ਤਲਵਾਰ ਹੈ।

'ਨਾਂ' ਪਤਾ ਵੀ ਹੈ ਨਹੀਂ ਲਿਖਿਆ ਕੁਈ,
ਆ ਗਈ ਕਿਸਦੀ ਕੁਵੇਲੇ ਤਾਰ ਹੈ।

* * *

## ਗ਼ਜ਼ਲ

ਸੂਲੀਆਂ ਤੇ ਇਸ਼ਕ ਜੇ ਚੜ੍ਹਦਾ ਰਿਹਾ।
ਔਕੜਾਂ ਸਾਹਵੇਂ ਵੀ ਇਹ ਅੜਦਾ ਰਿਹਾ।

ਉਹ ਨੁਮਾਇੰਦਾ ਸੱਚ ਦਾ ਤਾਂ ਸੀ ਮਗਰ,
ਤਿਤਲੀਆਂ ਚੋਰੀ ਛੁਪੇ ਫੜਦਾ ਰਿਹਾ।

ਰੋਕ ਕੇ ਰਸਤਾ ਜਦੋਂ ਰਸਤਾ ਖੜ੍ਹਾ,
ਮੈਂ ਨਵੇਂ ਰਸਤੇ ਤਦੋਂ ਘੜਦਾ ਰਿਹਾ।

ਦਿਲ ਕਦੇ ਖੰਡਰ ਕਦੇ ਪਰਭਾਤ ’ਚੋਂ,
ਸ਼ਿਅਰ ਰੰਗਾ ਰੰਗ ਦੇ ਫੜਦਾ ਰਿਹਾ।

ਬਾਹਰ ਤੋਂ ਸਾਲਮ, ਸਬੂਤਾ ਸਾਫ਼ ਸੀ,
ਅੰਦਰੋਂ ਲੇਕਿਨ ਕਿਵੇਂ ਝੜਦਾ ਰਿਹਾ।

ਜਿਸਮ ਦੇ ਪੰਨੇ ਉਦ੍ਹੇ ਕੁਰਆਨ ਸੀ,
‘ਦੀਪ’ ਆਸ਼ਿਕ ਹੋ ਗਿਆ ਪੜ੍ਹਦਾ ਰਿਹਾ।

* * *

## .ਗ਼ਜ਼ਲ

ਨ ਏਦਾਂ ਜੇ ਮਿਲੇ ਹੁੰਦੇ, ਕਿਉਂ ਆਪਾਂ ਜੁਦਾ ਹੁੰਦੇ।
ਕਦੇ ਵੀ ਮਿਲਨ ਮੁਸ਼ਕਿਲ ਹੈ, ਕਿਉਂ ਏਦਾਂ ਵਿਦਾ ਹੁੰਦੇ।

ਕਦੇ ਨਾ ਆਦਮੀ ਦੇ ਮਨ ਚ ਕੋਈ ਖ਼ੌਫ਼ ਜੇ ਹੁੰਦਾ,
ਨ ਹੁੰਦਾ ਖੂਨ ਆਦਮ ਦਾ, ਕਿਉਂ ਪੈਦਾ ਖ਼ੁਦਾ ਹੁੰਦੇ।

ਇਹ ਮੇਰੀ ਜ਼ਿੰਦਗੀ ਦੇ ਵੀ ਅਨੋਖੇ ਅਜਬ ਕੌਤਕ ਨੇ,
ਕਦੇ ਖ਼ੁਦ ਹੈ ਸਜ਼ਾ ਬਣਦੀ ਕਦੇ ਰਿਸ਼ਤੇ ਸਜ਼ਾ ਹੁੰਦੇ।

ਤੇਰੀ ਸੂਰਤ ਇਬਾਦਤ ਹੈ, ਤਦੇ ਚਾਹਤ ਹੀ ਚਾਹਤ ਹੈ,
ਇਹ ਰਿਸ਼ਤੇ ਚਾਹਤਾਂ ਦੇ ਨੇ, ਇਹ ਰੱਬੀ ਰਜ਼ਾ ਹੁੰਦੇ।

ਦਿਲਾਂ ਦੀ ਤਾਰ ਜੁੜਦੀ ਹੈ ਤਦੇ ਹੀ ਦਰਦ ਹੁੰਦਾ ਹੈ,
ਨ ਹੰਝੂ ਬੇਵਜ੍ਹਾ ਆਉਂਦੇ ਨ ਰਿਸ਼ਤੇ ਬੇ-ਵਜ੍ਹਾ ਹੁੰਦੇ।

ਬੜਾ ਕੁਝ ਤਿੜਕਦਾ ਹੈ ਮੇਰਿਆਂ ਵੀ ਸੁਪਨਿਆਂ ਅੰਦਰ,
ਕਰਜ ਤੇਰੀ ਮੁਹੱਬਤ ਦੇ ਜੋ ਹੁਣ ਏਦਾਂ ਅਦਾ ਹੁੰਦੇ।

* * *

## ਗ਼ਜ਼ਲ

ਮਨਾਂ ਦੇ ਪਾਣੀਆਂ ਵਿਚ ਗੰਧਲਾਪਨ ਆ ਗਿਆ ਕਿੱਦਾਂ ?
ਮਿਰਾ ਦਿਲ ਇਸ਼ਕ ਅਪਣੇ ਨੂੰ ਹੈ ਲੀਕਾਂ ਲਾ ਗਿਆ ਕਿੱਦਾਂ ?

ਜੁ ਸਦੀਆਂ ਬਾਅਦ ਮਿਲਿਆ ਸੀ ਤੇ ਰੂਹਾਂ ਤੀਕ ਪੱਥਰ ਸੀ,
ਮੈਂ ਹੁਣ ਤੱਕ ਸੋਚਦਾਂ ਮੈਨੂੰ ਉਹ ਅਜ ਤੜਪਾ ਗਿਆ ਕਿੱਦਾਂ ?

ਤੁਸੀਂ ਰਾਤੀ ਕਲਮ ਲੈ ਇਸ਼ਕ ਦੀ ਅੱਖਰ ਲਿਖੇ ਸੀ ਜੋ,
ਇਹ ਅੱਖਰ ਤਾਂ ਸਾਲਮ ਨੇ ਇਸ਼ਕ ਕੁਮਲਾ ਗਿਆ ਕਿੱਦਾਂ ?

ਮੈਂ ਸੁਣਿਆ ਗ਼ਜ਼ਲ ਲਿਖਦਾ ਸੀ ਉਹ ਮੋਮੀ ਵਰਕਿਆਂ ਉੱਤੇ,
ਵਕਤ ਬੇ-ਵਕਤ ਪੱਥਰ ਤੇ ਉਹ ਲੀਕਾਂ ਪਾ ਗਿਆ ਕਿੱਦਾਂ ?

ਬੜਾ ਹੀ ਅਜਬ ਹੈ ਕੌਤਕ ਜੁ ਉਮਰਾਂ ਬਾਅਦ ਹੋਇਆ ਹੈ,
ਮੈਂ ਖ਼ੁਦ ਵੀ ਲਾਪਤਾ ਰਹਿਨਾਂ ਤੇਰਾ ਖ਼ਤ ਆ ਗਿਆ ਕਿੱਦਾਂ ?

* * *

## ਗ਼ਜ਼ਲ

ਨੈਣਾਂ ਨੂੰ ਪੜ੍ਹਨ ਦਾ ਜੇ ਤੂੰ ਕਦੇ ਗੁਰ ਲੈ ਲਿਆ ਹੁੰਦਾ।
ਅਸੀਂ ਜੋ ਕਹਿ ਸਕੇ ਨਾ ਅੱਜ ਤਾਈਂ ਕਹਿ ਲਿਆ ਹੁੰਦਾ।

ਜਦੋਂ ਮਿਲਿਐਂ ਤੂੰ ਮਿਲਿਆ ਏਂ ਪਹਿਨ ਕੇ ਅੱਗ ਦੇ ਬਸਤਰ,
ਅਸਾਡੀ ਹੋਂਦ ਦਾ ਵੀ ਥਹੁ-ਪਤਾ ਤੂੰ ਲੈ ਲਿਆ ਹੁੰਦਾ।

ਸ਼ਹਿਰ ਤੇਰੇ ਤੋਂ ਕਰ ਰੁਖ਼ਸਤ ਬੜਾ ਮਾਯੂਸ ਰਹਿੰਦਾ ਹਾਂ,
ਮੈਂ ਅਕਸਰ ਸੋਚਦਾਂ ਤੇਰੇ ਲਈ ਹੀ ਰਹਿ ਲਿਆ ਹੁੰਦਾ।

ਖ਼ੁਦਾ ਦੇ ਸ਼ਹਿਰ ਤੋਂ ਉਹ ਪਰਤ ਆਇਆ ਖ਼ੁਦ ਖ਼ੁਦਾ ਹੋ ਕੇ,
ਖ਼ੁਦਾਇਆ ਉਸ ਸ਼ਖਸ ਦੇ ਕੋਲ ਦੋ ਪਲ ਬਹਿ ਲਿਆ ਹੁੰਦਾ।

ਮੈਂ ਖ਼ੁਦ ਵੀ ਲਾਪਤਾ ਰਹਿਨਾਂ, ਨ ਹੈ ਤੇਰਾ ਪਤਾ ਕੋਈ,
ਪਤਾ ਹੁੰਦਾ ਤਾਂ ਮੈਂ ਤੇਰਾ ਪਤਾ ਹੀ ਲੈ ਲਿਆ ਹੁੰਦਾ।

****

## .ਗ਼ਜ਼ਲ

ਉਹ ਮੇਰਾ ਆਪਣਾ ਤਾਂ ਹੀ ਮਿਰੇ ’ਤੇ ਵਾਰ ਕਰਦਾ ਹੈ।
ਮਿਰਾ ਦਿਲ ਜਾਣਦਾ, ਮੈਨੂੰ ਉਹ ਕਿੰਨਾ ਪਿਆਰ ਕਰਦਾ ਹੈ।

ਸਹਿਮ ਹੈ ਪੌਣ ਦਾ ਦਿਲ ਦੇ ਕਿਸੇ ਕੋਨੇ ’ਚ ਉਸਦੇ ਤਾਂ,
ਕਰਨ ਇਜ਼ਹਾਰ ਆਉਂਦਾ ਹੈ ਮਗਰ ਤਕਰਾਰ ਕਰਦਾ ਹੈ।

ਬਿਗਾਨੇ ਬਿਰਖ਼ ’ਤੇ ਬੈਠਾ ਬਿਰਖ਼ ਦਾ ਵੇਖਿਆ ਸਾਇਆ,
ਕਿ ਉਸਦਾ ਆਪਣਾ ਰੁੱਖ ਓਸ ਨਾਲ ਤਕਰਾਰ ਕਰਦਾ ਹੈ।

ਜੁ ਦਿਨ ਵੇਲੇ ਮਿਰੇ ਤੋਂ ਫੇਰਦਾ ਮੂੰਹ, ਪਿੱਠ ਕਰ ਲੈਂਦਾ,
ਉਹ ਰਾਤੀ ਕੱਚਿਆਂ ਉੱਤੇ ਸਮੁੰਦਰ ਪਾਰ ਕਰਦਾ ਹੈ।

ਸਲੀਬਾਂ ਦੇ ਨਗਰ ਚੋਂ ਲੰਘਿਆ ਰਾਤੀ ਮੈਂ ਇਸ ਕਰਕੇ,
ਕਿ ਦੇਖਾਂ ਕੌਣ ਹੈ ‘ਈਸਾ’ ਗਰਮ ਬਾਜ਼ਾਰ ਕਰਦਾ ਹੈ।

ਮੈਂ ਲਿਖ ਬੈਠਾ ਗ਼ਜ਼ਲ ਇਕ ਮੋਮ ਦੇ ਕੁਝ ਵਰਕਿਆਂ ਉੱਤੇ,
ਕਿ ਸੂਰਜ ਪੜ੍ਹਨ ਦੀ ਜਿਦ ਓਸਨੂੰ ਹਰ ਵਾਰ ਕਰਦਾ ਹੈ।

ਸ਼ਖਸ ਤੇਰੇ ਸ਼ਹਿਰ ਦੇ ਨੇ ਬੜੇ ਪਿਆਰੇ, ਬੜੇ ਪਿਆਰੇ,
ਮਿਰੀ ਹਉਮੈ ਨਹੀਂ ਮੰਨਦੀ, ਮੇਰਾ ਦਿਲ ਪਿਆਰ ਕਰਦਾ ਹੈ।

ਕਿਵੇਂ ਮੈਂ ਤਿਸ਼ਨਗੀ ਤੇਰੀ ਦਾ ਬਣਕੇ ਬਦਲ ਆ ਜਾਵਾਂ,
ਹੈ ਕੋਈ ਸ਼ਖਸ ਮੇਰੇ ਪਾਣੀਆਂ ਨੂੰ ਗ਼ਾਰ ਕਰਦਾ ਹੈ।

ਉਹ ਲੁਕ ਛਿਪ ਕੇ ਕਰੇ ਨੇਕੀ ਹੈ ਡਰ-ਡਰ ਕੇ ਦੁਆ ਦਿੰਦਾ,
ਮਗਰ ਜਦ ਕਤਲ ਕਰਦਾ ਹੈ, ਸ਼ਰੇ-ਬਾਜ਼ਾਰ ਕਰਦਾ ਹੈ।

* * *

## .ਗ਼ਜ਼ਲ

ਸੁਪਨੇ ਅੰਦਰ ਆਏ ਖੰਡਰ।
ਸੀ ਮੇਰੇ ਹਮਸਾਏ ਖੰਡਰ।

ਰੀਝਾਂ ਜਦ ਵੀ ਸੂਲੀ ਚੜ੍ਹੀਆਂ,
ਸੋਚਾਂ ਅੰਦਰ ਛਾਏ ਖੰਡਰ।

ਇਕ ਦਿਨ ਨਜ਼ਰ ਉਦਾਸ ਬੜੀ ਸੀ,
ਕੋਲ ਖੜ੍ਹੇ ਮੁਸਕਾਏ ਖੰਡਰ।

ਕੌਤਕ ਵੇਖੇ ਦੀਵਾਰਾਂ ’ਤੇ,
ਸ਼ੀਸ਼ੇ ਵਿੱਚ ਸਜਾਏ ਖੰਡਰ।

ਤਨਹਾ ਬਿਰਛ ਉਦਾਸ ਬੜੇ ਸੀ,
ਬਿਰਛਾਂ ਨਾਲ ਉਗਾਏ ਖੰਡਰ।

ਬਾਰ੍ਹੋਂ ਲੋਕੀ ਸਾਲਮ ਸੱਦਣ,
ਅੰਦਰ ਕੌਣ ਬੁਲਾਏ ਖੰਡਰ।

ਤੂੰ ਤਾਂ ਪਹਿਲਾਂ ਹੀ ਖੰਡਰ ਸੀ,
ਤੈਂ ਕਿਉਂ ਮੀਤ ਬਣਾਏ ਖੰਡਰ।

* * *

# ਗ਼ਜ਼ਲ

ਦਿਲ ਦੇ ਵਿਚ ਤਨਹਾਈਆਂ ਮਿਲੀਆਂ।
ਪੌਣਾਂ ਵੀ ਤਿਰਹਾਈਆਂ ਮਿਲੀਆਂ।

ਪਿੰਡ ਮਿਰੇ ਦੀਆਂ ਪਾਗਲ ਕੁੜੀਆਂ,
ਗੁੱਡੀ ਫੂਕਣ ਆਈਆਂ ਮਿਲੀਆਂ।

ਰਬ ਨੂੰ ਮਿਲਣੇ ਖਾਤਿਰ ਰਬ ਦੀਆਂ
ਮਾਵਾਂ ਆਪ ਬਣਾਈਆਂ ਮਿਲੀਆਂ।

ਕਬਰਾਂ ਵਿਚੋਂ ਕੱਢੀਆਂ ਲਾਸ਼ਾਂ,
ਸੂਲੀ 'ਤੇ ਲਟਕਾਈਆਂ ਮਿਲੀਆਂ।

ਗ਼ਜ਼ਲ ਤਿਰੀ ਦੀਆਂ 'ਦੀਪਕ' ਅੱਖਾਂ,
ਥਾਂ-ਥਾਂ ਸਾਨੂੰ ਲਾਈਆਂ ਮਿਲੀਆਂ।

* * *

## .ਗ਼ਜ਼ਲ

ਜਿਸਮ ਵਿਚ ਡੁੱਬੇ ਪਏ ਨੇ ਸਾਜ਼ ਕੁਝ।
ਭੁਲ ਗਏ ਪੰਛੀ ਕਿਵੇਂ ਪਰਵਾਜ਼ ਕੁਝ।

ਓਸਦਾ ਚਿਹਰਾ ਕਿਸੇ ਮੁਰਸ਼ਦ ਜਿਹਾ,
ਤੇ ਫ਼ਕੀਰਾਂ ਵਾਂਗ ਹੈ ਅੰਦਾਜ਼ ਕੁਝ।

ਦਿਲ 'ਚ ਮੇਰੇ ਸੀ ਜਦੋਂ ਤਦ ਪੜ੍ਹ ਲਿਆ,
ਬਣ ਗਿਆ ਹੋਠਾਂ 'ਤੇ ਆ ਕੇ ਰਾਜ ਕੁਝ।

ਹਾਦਸੇ ਨੇ ਆਣ ਕੇ ਦਸਤਕ ਕਰੀ,
ਜ਼ਿੰਦਗੀ ਦਾ ਹੋ ਗਿਆ ਆਗਾਜ਼ ਕੁਝ।

ਮੀਤ ਮੇਰੇ ਦਾ ਜ਼ਿਕਰ ਛਿੜਿਆ ਤਦੇ,
ਯਾਦ ਆਏ ਰਿਸ਼ਤਿਆਂ ਦੇ ਰਾਜ਼ ਕੁਝ।

ਰੱਖ ਕੇ ਸਾਲਮ ਖ਼ੁਦੀ ਨੂੰ ਜੀ ਰਿਹਾ,
ਵੱਖਰਾ 'ਜਗਤਾਰ' ਦਾ ਅੰਦਾਜ਼ ਕੁਝ।

* * *

## .ਗ਼ਜ਼ਲ

ਮਹਿਫ਼ਿਲਾਂ ਵਿਚ ਜ਼ਿਕਰ ਤੇਰੇ ਨਾਮ ਦਾ।
ਜੋ ਬਦਲ ਬਣਦੈ ਸੁਰਾਹੀ ਜਾਮ ਦਾ।

ਇਸ ਸਮੇਂ ਮੈਂ ਜ਼ਿੰਦਗੀ ਵਿਚ ਡੁੱਬਿਆਂ,
ਜ਼ਿਕਰ ਕਿਉਂ ਕਰਦੈਂ ਪਿਆਸੀ ਸ਼ਾਮ ਦਾ।

ਕਰ ਗਿਆ ਤਨਹਾ ਉਦਾਸੀ ਜ਼ਿੰਦਗੀ,
ਜ਼ੁਹਦ ਹਾਂ ਕਰਦਾ ਅਜੇ ਉਸ ਨਾਮ ਦਾ।

ਮਿਟ ਗਈ ਸਾਰੀ ਇਬਾਰਤ ਵੇਖ ਪਰ,
ਬਚ ਗਿਆ ਅਲਫ਼ਾਜ਼ ਤੇਰੇ ਨਾਮ ਦਾ।

ਇਸ਼ਕ ਹੈ ਅਰਦਾਸ, ਪੂਜਾ, ਬੰਦਗੀ,
ਲਫ਼ਜ਼ ਨਾ ਆਉਂਦਾ ਕਿਤੇ ਇਲਜ਼ਾਮ ਦਾ।

ਫ਼ਜ਼ਰ ਦੇ ਕੇ ਤੋਰਿਆ ਟੁਕੜਾ ਸੀ ਜੋ,
ਪਹੁੰਚਿਆ ਚਿਹਰਾ ਉਦਾਸੀ ਸ਼ਾਮ ਦਾ।

* * *

# ਗ਼ਜ਼ਲ

ਸ਼ਾਮ ਢਲਦੀ ਆਣ ਕੇ ਮੈਨੂੰ ਮਿਲੀ।
ਲਿਸ਼ਕ ਸੀ ਚਿਹਰੇ ਮਗਰ ਅੰਗੋਂ ਢਲੀ।

ਪੌਣ ਨੇ ਫੁੱਲਾਂ ’ਤੇ ਕੀਤੇ ਸੌ ਸਿਤਮ,
ਮਹਿਕ ਫਿਰ ਵੀ ਪੌਣ ਦੇ ਵਿਚ ਜਾ ਰਲੀ।

ਸੌ ਮੁਸਾਫ਼ਿਰ ਡੋਬ ਕੇ ਕਿਸ਼ਤੀ ਕਹੇ,
ਕਿਉਂ ਫ਼ਿਕਰ ਕਰਦੇ ਹੋ ਮੈਂ ਚੰਗੀ ਭਲੀ।

ਪੌਣ ਮੈਨੂੰ ਲੱਭਿਆ ਲੈ ਕੇ ਚਰਾਗ਼,
ਹੋ ਗਈ ਬਦਨਾਮ ਫਿਰ ਕੇ ਹਰ ਗਲੀ।

‘ਦੀਪ’ ਦੀ ਇੱਕੋ ਨਜ਼ਰ ਉਸ ’ਤੇ ਪਈ,
ਵੇਖ ਕਿੱਦਾਂ ਹੋ ਗਈ ਸੂਹੀ ਕਲੀ।

ਨਜ਼ਰ ਜਦ ਤੇਰੀ ਪਈ ਤਾਂ ਹੋ ਗਏ,
ਸ਼ਾਮ, ਸੁਬਹ, ਸ਼ਬ, ਸਿਤਾਰੇ ਸੰਦਲੀ।

* * *

## .ਗ਼ਜ਼ਲ

ਤੇਰਿਆਂ ਨੈਣਾਂ ਚ ਨੇ ਜੋ ਰਤਜਗੇ।
ਮੇਰਿਆਂ ਰਾਹਾਂ ਚ ਵੀ ਨੇ ਹਾਦਸੇ।

ਉਸਦਿਆਂ ਖ਼ਾਬਾਂ ਜਿਹਾ ਤੇਰਾ ਬਦਨ,
ਤੂੰ ਕਿਵੇਂ ਕਹਿਨੈਂ ਕਿ ਹੈ ਨ੍ਹੀਂ ਰਾਬਤੇ।

ਦੂਰ ਨਾ ਜਾਈਂ ਮਿਰਾ ਤੂੰ ਨੂਰ ਏਂ,
ਪਾ ਰਹੀ ਹੈ ਮਾਂ ਖੜ੍ਹੀ ਇਕ ਵਾਸਤੇ।

ਯਾਦ ਤੇਰੀ ਦਾ ਕੁਈ ਬਾਕੀ ਨਿਸ਼ਾਂ,
ਬਚ ਗਿਆ ਹੋਣੈ ਜੁ ਬਚਗੇ ਰਾਬਤੇ।

ਹਾਂ ਘਰੇ ਹਾਂ, ਮੈਂ ਬੜਾ ਮਹਿਫ਼ੂਜ਼ ਹਾਂ,
ਵਧ ਗਏ ਨੇ ਅੰਦਰੋਂ ਬਸ ਤੌਖ਼ਲੇ।

ਜ਼ਿੰਦਗੀ ਬੇਰੰਗ ਹੋ ਜਾਵੇ ਨ ਇਹ,
ਬਚ ਗਏ ਜੋ, ਬਚਣ ਦੇ ਉਹ ਹਾਦਸੇ।

ਬੈਠ ਕੇ ਮੇਰੇ ਬਨੇਰੇ ਇਕ ਚਿੜੀ,
ਕਰ ਰਹੀ ਹੈ ਸਾਜ਼ਿਸ਼ਾਂ ਚੋਰੀ ਛੁਪੇ।

ਅੰਦਰੋਂ ਅੰਦਰ ਮੈਂ ਤਾਂ ਹੀ ਖੁਰ ਰਿਹਾਂ,
ਜ਼ਿੰਦਗੀ ਦੇ ਨਾਲ ਨੇ ਕੁਝ ਰਾਬਤੇ।

ਬੇਲਿਹਾਜੇ, ਬੇ-ਕਿਰਕ ਤੇਰੇ ਸਹਿਰ,
ਮੌਤ ਮੰਗਣ, ਜੁਗਨੂੰਆਂ ਦੇ ਕਾਫ਼ਲੇ।

ਪਾ ਰਿਹਾ ਸੀ ਮੀਤ ਮੇਰਾ ਵਾਸਤੇ,
ਯਾ ਖ਼ੁਦਾ! ਨਾ ਜਾ ਖ਼ੁਦਾ ਦੇ ਵਾਸਤੇ।

ਯਾ ਖੁਦਾ ਸਾਲਮ ਰਹਿਣ ਸ਼ਿਅਰਾਂ ਚ ਵੀ,
ਜ਼ਿੰਦਗੀ 'ਜਗਤਾਰ' ਵਿਚਲੇ ਰਾਬਤੇ।

* * *

## ਗ਼ਜ਼ਲ

ਉਹਨਾਂ ਨੂੰ ਇਕ ਖ਼ਤ ਲਿਖਣਾ ਸੀ ਪੀੜਾਂ ਤੋਂ ਲਿਖਵਾਇਆ ਮੈਂ।
ਪੀੜਾਂ ਹੋਈਆਂ ਹੰਝੂ-ਹੰਝੂ ਦਿਲ ਦਾ ਦਰਦ ਸੁਣਾਇਆ ਮੈਂ।

ਘਰ ਨੂੰ ਛੱਡ ਕੇ ਤੁਰ ਚੱਲਿਆ ਸਾਂ ਪਿੱਛੇ ਲਗ ਕੇ ਰਾਹਵਾਂ ਦੇ,
ਘਰ ਵੀ ਮੇਰੇ ਗਲ ਲੱਗ ਰੋਇਆ ਵਾਪਸ ਜਦ ਘਰ ਆਇਆ ਮੈਂ।

ਯਾਰਾਂ ਨੇ ਸੂਰਜ ਤੋਂ ਡਰ ਕੇ ਉਂਗਲ ਮੇਰੀ ਛੱਡ ਦਿੱਤੀ,
ਅਪਣੇ ਹੀ ਸਿਰ ਉੱਤੇ ਖੜ੍ਹਿਆ ਖ਼ੁਦ ਹੀ ਬਣ ਕੇ ਸਾਇਆ ਮੈਂ।

ਰੋਹੀ ਬੀਆਬਾਨ ਤੇ ਕਬਰਾਂ, ਖੰਡਰ ਤੇ ਸਿਵਿਆਂ ਦੀ ਲੋ,
ਜ਼ਿੰਦਗੀ ਦਾ ਪੰਧ ਹਸਦੇ-ਹਸਦੇ ਇਹਨਾਂ ਸੰਗ ਮੁਕਾਇਆ ਮੈਂ।

ਪਿੱਛੇ ਜੋ ਵੀ ਛਡ ਆਏ ਹਾਂ ਉਸਤੋਂ ਦਸ ਹੁਣ ਲੈਣਾ ਕੀ,
ਚਲ ਪੱਥਰ ਤੋਂ ਪਾਣੀ ਹੋ ਜਾ ਜਨਮਾਂ ਦਾ ਤਿਰਹਾਇਆ ਮੈਂ।

* * *

## ਗ਼ਜ਼ਲ

ਇਹ ਸਮੇਂ ਦਾ ਸਿਤਮ ਹੈ ਜੋ ਰੂਹ ਮਿਰੀ ਖਾਮੋਸ਼ ਹੈ।
ਯਾਦ ਨੇ ਕੁਝ ਪਲ ਸੰਧੂਰੀ ਥੋੜ੍ਹਾ-ਥੋੜ੍ਹਾ ਹੋਸ਼ ਹੈ।

ਇੰਤਹਾ ਹੋਣੀ ਨਹੀਂ ਉਸਦੇ ਸਿਤਮ ਦੀ ਉਮਰ ਭਰ,
ਐਪਰ ਜਰਾਂਗਾ ਹਰ ਸ਼ਿਤਮ ਦਿਲ ਚ ਐਨਾ ਜੋਸ਼ ਹੈ।

ਰੂਹ ਮਿਰੀ ਨੂੰ ਕਤਲ ਕੀਤਾ ਜਿਸ ਸ਼ਖ਼ਸ ਨੇ ਦੋਸਤੋ,
ਉਹ ਮਿਰੇ ਹੀ ਜਿਸਮ ਅੰਦਰ ਤੜਪਦਾ ਰੂਪੋਸ਼ ਹੈ।

ਫੁੱਲ ਜੇ ਹੋਏ ਕਤਲ ਇਸ ਮਹਿਕਦੇ ਮੌਸਮ ’ਚ ਵੀ,
ਪੌਣ ਦਾ ਤਾਂ ਮੰਨਿਆ ਕੀ ਤਿਤਲੀਆਂ ਦਾ ਦੋਸ਼ ਹੈ।

ਅਰਥ ਇਸ ਵਿਚਲੇ ਕਦੇ ਸਮਝਣ ਦੀ ਨਾ ਕੋਸ਼ਿਸ਼ ਕਰੀਂ,
ਹੈ ਬੜਾ ਦਿਲਕਸ਼ ਮਗਰ ਮਜਬੂਰੀਆਂ ਦਾ ਕੋਸ਼ ਹੈ।

ਦਰਦ ਦੀ ਨਾ ਖ਼ਬਰ ਦੇਣਾ ‘ਦੀਪ’ ਦੇ ਦਿਲ ਨੂੰ ਅਜੇ,
ਇਹ ਅਜੇ ਬਚਪਨ ’ਚ ਹੈ ਇਹ ਤਾਂ ਅਜੇ ਮਦਹੋਸ਼ ਹੈ।

* * *

# .ਗ਼ਜ਼ਲ

ਸੁਪਨਿਆਂ ਵਿਰ ਫੇਰ ਓਹੀ ਮੁੜ ਤੋਂ ਮੰਜਰ ਦੇਖਿਆ।
ਦਿਲ 'ਚ ਅਪਣੇ ਉਤਰਦਾ ਮਾਸੂਮ ਖ਼ੰਜਰ ਵੇਖਿਆ।

ਵੇਖਿਆ ਪੰਛੀ 'ਚ ਮੈਂ ਜਜ਼ਬਾ ਸਿਤਮ ਹਰ ਸਹਿਣ ਦਾ,
ਅੱਖ ਉਸਦੀ ਵਿੱਚ ਜਦ ਨਾ ਮੌਤ ਦਾ ਡਰ ਵੇਖਿਆ।

ਆਪਣਾ ਘਰ ਓਸ ਪਿੱਛੋਂ ਘਰ ਨਹੀਂ ਲੱਗਾ ਕਦੇ,
ਪੌਣ, ਫੁੱਲਾਂ, ਮਹਿਕ ਦਾ ਨਜ਼ਰਾਂ ਜਦੋਂ ਘਰ ਵੇਖਿਆ।

ਝੀਲ ਨੂੰ ਕਤਰੇ 'ਚ ਹੁਣ ਦਸ ਬੰਨਿਆ ਜਾਵੇ ਕਿਵੇਂ,
ਝੀਲ ਦੀ ਛਾਤੀ 'ਚ ਮੈਂ ਡੁਬਦਾ ਸਮੰਦਰ ਵੇਖਿਆ।

ਬੰਦਿਸ਼ਾਂ ਦਾ, ਸਾਜ਼ਿਸ਼ਾਂ ਦਾ, ਬੇਵਸੀ ਦਾ ਦੌਰ ਹੈ,
ਫੇਰ ਵੀ ਖਾਤਿਰ ਕਿਸੇ ਰੋਂਦਾ ਸਮੰਦਰ ਵੇਖਿਆ।

ਜ਼ਿੰਦਗੀ ਦੇ ਸਫ਼ਰ ਤੇ ਹੋਏ ਬੜੇ ਨੇ ਹਾਦਸੇ,
ਅੱਗ ਨੂੰ ਪਾਣੀ 'ਚ ਤੇ ਪਾਰੇ 'ਚ ਪੱਥਰ ਵੇਖਿਆ।

ਬੇ-ਖ਼ਬਰ ਲੋਕਾਂ ਜਦੋਂ ਵੀ ਆਪਣੇ ਘਰ ਖ਼ਤ ਲਿਖੇ,
ਹਰ ਖ਼ਬਰ ਨੂੰ ਉਸ ਵਕਤ ਮੈਂ ਬੇ-ਖ਼ਬਰ ਪਰ ਵੇਖਿਆ।

ਔੜ ਦਾ ਜੋ ਸਿਖ਼ਰ ਸੀ ਦਸਤਕ ਤਿਰੀ ਦੇ ਨਾਲ ਹੀ,
ਸਰਸਬਜ਼ ਮੌਸਮ ਖ਼ਿਜ਼ਾ 'ਚ ਨੈਣਾਂ 'ਚ ਸਰਵਰ ਦੇਖਿਆ।

* * *

## ਗ਼ਜ਼ਲ

ਇਸ ਤਰ੍ਹਾਂ ਲੱਗੇ ਜਿਵੇਂ ਤੂੰ ਹਾਦਸੇ ਤੋਂ ਡਰ ਰਿਹੈਂ।
ਮਰਨ ਤੋਂ ਪਹਿਲੋਂ ਜਿਵੇਂ ਤੂੰ ਮੌਤ ਕੋਈ ਮਰ ਰਿਹੈਂ।

ਉਹ ਤਿਰੇ ਸਭ ਆਪਣੇ ਜਿਨ੍ਹਾਂ ਤੇ ਰਹਿਨੈਂ ਤੂੰ ਖ਼ਫ਼ਾ,
ਜ਼ਿੰਦਗੀ ਦੇ ਚੀਰ ਵਿਚ ਤੂੰ ਰੰਗ ਕਿਹੜੇ ਭਰ ਰਿਹੈਂ।

ਤੂੰ ਮਿਰੇ ਦਿਲ ਦੇ ਕਿਸੇ ਕੋਨੇ ਚ ਜਿੰਦਾ ਹੈਂ ਅਜੇ,
ਦੂਰ ਹੋ ਕੇ ਕੋਲ ਏਂ ਪਰ ਫਿਰ ਵੀ ਤਨਹਾ ਕਰ ਰਿਹੈਂ।

ਵੇਖਦਾਂ ਕਿੱਦਾਂ ਦੀ ਹੈ ਮੇਰੇ ਗਰਾਂ ਦੀ ਹਰ ਗਲੀ,
ਜੂਹ ਪਈ ਪੁਛਦੀ ਦੁਰੇਡੇ ਕਿਉਂ ਬਸਰ ਤੂੰ ਕਰ ਰਿਹੈਂ।

ਕੁਝ ਕੁ ਸ਼ਿਅਰਾਂ ਵਿਚ ਪਰੋਏ ਰੰਗ ਕਾਇਨਾਤ ਦੇ,
ਕੁਝ ਕੁ ਅੰਦਰ 'ਦੀਪ' ਤੂੰ ਸ਼ਿਕਵੇ ਦੁਆਵਾਂ ਕਰ ਰਿਹੈਂ।

ਤੂੰ ਦੁਆ, ਮੱਕਾ ਮਦੀਨਾ, ਤੂੰ ਮੁਹੰਮਦ, ਆਫ਼ਤਾਬ,
ਖ਼ਾਕ ਮੇਰੀ ਜ਼ਿੰਦਗੀ ਵਿਚ ਰੰਗ ਜੋ ਤੂੰ ਭਰ ਰਿਹੈਂ।

* * *

## ਗ਼ਜ਼ਲ

ਤਨਹਾ ਬਹਿ ਕੇ ਰਾਤ ਬਿਤਾਉਣੀ ਪੈਂਦੀ ਹੈ।
ਕੰਧਾਂ ਨੂੰ ਵੀ ਬਾਤ ਸੁਣਾਉਣੀ ਪੈਂਦੀ ਹੈ।

ਚਿਹਰੇ ਦੇ ਬੇਨੂਰ ਹੋਏ ਗੁਲਦਸਤੇ 'ਤੇ,
ਸੌ ਰੰਗੀ ਮੁਸਕਾਨ ਸਜਾਉਣੀ ਪੈਂਦੀ ਹੈ।

ਘਰ ਦੇ ਬੂਹੇ 'ਤੇ ਜਾਂ ਦਸਤਕ ਹੋਵੇ ਨਾ,
ਘਰ ਦੀ ਘੰਟੀ ਆਪ ਵਜਾਉਣੀ ਪੈਂਦੀ ਹੈ।

ਫੁੱਲਾਂ ਦੇ ਵਿਚ ਸਾਜਿਸ਼ ਪੈਰ ਪਸਾਰੇ ਤਾਂ,
ਘਰ ਦੇ ਵਿਹੜੇ ਕੈਕਟਸ ਲਾਉਣੀ ਪੈਂਦੀ ਹੈ।

ਤੈਨੂੰ ਲੱਭਣ ਖਾਤਿਰ ਦਰ-ਦਰ ਜਾਂਦੇ ਹਾਂ,
ਕਿਸ-ਕਿਸ ਨੂੰ ਆਵਾਜ਼ ਲਗਾਉਣੀ ਪੈਂਦੀ ਹੈ।

ਮਤਲੇ, ਮਕਤੇ, ਬਹਿਰ, ਰਦੀਫ਼ਾਂ, ਮਿਸਰੇ ਨੇ,
ਕਿੱਥੇ-ਕਿੱਥੇ ਰੱਤ ਖਪਾਉਣੀ ਪੈਂਦੀ ਹੈ।

ਅਪਣਾ ਆਈਨਾ ਆਪ ਬਣੇ ਤਾਂ ਚੰਗਾ ਏ,
ਅਪਣੀ ਹਸਤੀ ਆਪ ਬਣਾਉਣੀ ਪੈਂਦੀ ਹੈ।

ਖੁਭਦਾ ਖ਼ੰਜਰ ਕਾਗਜ਼ ਦੇ ਤਨਹਾਈ ਦਾ,
ਤਦ ਸ਼ਾਇਰ ਨੂੰ ਕਲਮ ਉਠਾਉਣੀ ਪੈਂਦੀ ਹੈ।

***

## ਗ਼ਜ਼ਲ

ਮੈਂ ਪੌਣਾਂ ਦਾ ਮੁਥਾਜੀ ਹਾਂ, ਉਹ ਇਲਜ਼ਾਮ ਲਾਉਂਦੇ ਨੇ।
ਜ਼ਿਹਨ ਚੋਂ ਕਦ ਵਿਦਾ ਹੁੰਦੇ, ਜੋ ਸੁਪਨੇ ਵਿੱਚ ਆਉਂਦੇ ਨੇ।

ਉਹ ਸਾਨੂੰ ਵੇਖਦੇ ਹੋਣੇ ਤਦੇ ਇਲਜ਼ਾਮ ਲਾਉਂਦੇ ਨੇ,
ਕਿ ਬੈਠੇ ਸਾਮ੍ਹਣੇ ਸਾਡੇ 'ਤੇ ਉਹ ਨਜ਼ਰਾਂ ਟਿਕਾਉਂਦੇ ਨੇ।

ਬੜੀ ਨਫ਼ਰਤ ਹੈ ਮੈਨੂੰ ਸੁਪਨਿਆਂ ਵਿੱਚ ਨਿੱਤ ਜੋ ਆਵੇ,
ਮਗਰ ਨਫ਼ਰਤ ਕਰਾਂ ਕਿਸਨੂੰ ਇਹ ਸੁਪਨੇ ਵੀ ਤਾਂ ਆਉਂਦੇ ਨੇ।

ਮੈਂ ਉਸਦੇ ਸ਼ਰਬਤੀ ਨੈਣਾਂ ਚੋਂ ਕਾਹਦਾ ਘੁੱਟ ਭਰ ਬੈਠਾ,
ਕਿ ਮੇਰੀ ਪਿਆਸ ਨਾ ਬੁਝਦੀ, ਉਹ ਚਸ਼ਮੇ ਨਾ ਲਾਹੁੰਦੇ ਨੇ।

ਤੇਰੇ ਰੁਖ਼ਸਾਰ, ਇਹ ਦੋ ਨੈਣ, ਤੇ ਗੋਰਾ ਨਿਛੋਹ ਪਿੰਡਾ,
ਨਾ ਕੁਝ ਵੀ ਸਮਝ ਸਕਦੇ ਨੇ, ਨਾ ਮੇਰੀ ਸਮਝ ਆਉਂਦੇ ਨੇ।

ਮੇਰੀ ਮਾਂ ਹਰ ਵਕਤ ਮੈਨੂੰ ਨਸੀਹਤ ਇਹ ਹੀ ਦਿੰਦੀ ਹੈ,
ਕਦੇ ਮੁੜਕੇ ਨਾ ਵੇਖੀਂ ਆਪਣੇ ਤਾਂ ਪਰਤ ਆਉਂਦੇ ਨੇ।

ਨਜ਼ਰ ਮੇਰੀ ਤਦੇ, ਪਹਿਲੀ ਨਜ਼ਰ ਹੀ, ਨਜ਼ਰ ਖੋ ਆਈ,
ਨਜ਼ਰ ਲੱਗੇ ਨਾ ਮੇਰੀ ਉਹ ਜਦੋਂ ਨਜ਼ਰਾਂ ਝੁਕਾਉਂਦੇ ਨੇ।

* * *

## ਗ਼ਜ਼ਲ

ਸਮਝਦਾਂ ਚਾਹਤ ਤਿਰੀ ਪਰ ਕੀ ਕਰਾਂ ਮਜਬੂਰ ਹਾਂ।
ਘਰ ਦੀਆਂ ਮਜਬੂਰੀਆਂ ਕੁਝ ਜਗਤ ਦਾ ਦਸਤੂਰ ਹਾਂ।

ਪੱਥਰਾਂ ਦੇ ਨਾਲ ਮੈਨੂੰ ਮੇਚ ਕੇ ਤੂੰ ਵੇਖਦੈਂ,
ਅੰਦਰੋਂ ਪਾਰੇ ਜਿਹਾ, ਸ਼ੀਸ਼ੇ ਤਰ੍ਹਾਂ ਮੈਂ ਚੂਰ ਹਾਂ।

ਲਹਿ ਗਿਆ ਖ਼ੰਜਰ ਤਰ੍ਹਾਂ ਸੀਨੇ ਚ ਕੋਈ ਅਜਨਬੀ,
ਹੁਣ ਮੈਂ ਉਸਦਾ ਹੁਸਨ ਹਾਂ, ਮੈਂ ਹੀ ਉਸਦਾ ਨੂਰ ਹਾਂ।

ਜਿਸ ਤਰ੍ਹਾਂ ਧੁੱਪਾਂ ਤੇ ਛਾਵਾਂ ਮਿਲਦੀਆਂ ਆਪਸ ਚ ਨੇ,
ਐਨਾ ਕੁ ਤੇਰੇ ਕੋਲ ਹਾਂ ਏਨਾ ਕੁ ਤੈਥੋਂ ਦੂਰ ਹਾਂ।

'ਦੀਪ' ਦੀ ਚਾਹਤ, ਇਬਾਦਤ, ਬੰਦਗੀ, ਅਰਦਾਸ ਤੂੰ,
ਉਂਝ ਭਾਵੇਂ ਕਾਫ਼ਿਰਾਂ ਵਿੱਚ ਮੈਂ ਬੜਾ ਮਸ਼ਹੂਰ ਹਾਂ।

* * *

## .ਗ਼ਜ਼ਲ

ਅਸੀਂ ਅਸਮਾਨ ਵੱਲ  ਉੱਡੇ ਪਰੰਤੂ ਪਰ ਗੁਆ ਆਏ।
ਬਦੇਸ਼ਾਂ ਵੱਲ ਮੂੰਹ ਕੀਤਾ ਮਗਰ ਫਿਰ ਘਰ ਗੁਆ ਆਏ।

ਅਸਾਡੀ ਜ਼ਿੰਦਗੀ ਖਾਤਿਰ ਤੁਹਾਡੀ ਮੌਤ ਨਾ ਕਾਫੀ,
ਹਜ਼ਾਰਾਂ ਵਾਰ ਮਰਕੇ ਮੌਤ ਦਾ ਵੀ ਡਰ ਗੁਆ ਆਏ।

ਅਸੀਂ ਸੁੰਨੇ ਜਿਹੇ ਰਾਹਾਂ ’ਚ ਭਟਕੇ ਬੇਵਜ੍ਹਾ ਐਵੇਂ,
ਕਿ ਖੁੱਲ੍ਹੀਆਂ ਬੀਹੀਆਂ ਬਦਲੇ ਸਬੂਤੇ ਦਰ ਗੁਆ ਆਏ।

ਕਦੇ ਮਤਲੇ, ਕਦੇ ਮਕਤੇ, ਕਦੇ ਮਿਸਰੇ ਚੋਂ ਨਿਕਲੇ ਤਾਂ,
ਬਹਿਰ ਪਿੱਛੇ ਅਸੀਂ ਭਟਕੇ ਅਤੇ ਅੱਖਰ ਗੁਆ ਆਏ।

ਪਤਾ ਹੁੰਦਾ ਸ਼ਹਿਰ ਤੇਰੇ ਕਦੇ ਵੀ ਪੈਰ ਨਾ ਪਾਉਂਦੇ,
ਮੁਹੱਬਤ ਦੇ ਲਿਖੇ ਸੀ ਚਾਰ ਜੋ ਅੱਖਰ ਗੁਆ ਆਏ।

* * *

## ਗ਼ਜ਼ਲ

ਬੇਵਸੀ ਇਹ ਕਿਸ ਤਰ੍ਹਾਂ ਦਾ ਮੋੜ ਹੈ।
ਖੁਦਕੁਸ਼ੀ 'ਤੇ ਜ਼ਿੰਦਗੀ ਦਾ ਓੜ ਹੈ।

ਮੌਤ ਨੂੰ ਕੋਈ ਸਮਝ ਸਕਿਆ ਨਹੀਂ,
ਜ਼ਿੰਦਗੀ ਦਾ ਅੰਤ ਹੈ ਜਾਂ ਤੋੜ ਹੈ।

ਉਸਦਿਆਂ ਨੈਣਾਂ ਨੂੰ ਵੇਖੀਂ ਤੂੰ ਜ਼ਰਾ,
ਉਸਦਿਆਂ ਸਾਹਾਂ ਨੂੰ ਤੇਰੀ ਲੋੜ ਹੈ।

ਜ਼ਿੰਦਗੀ ਤਕਸੀਮ ਦਰ ਤਕਸੀਮ ਜੇ,
ਮੌਤ ਵੀ ਸਭ ਰਿਸ਼ਤਿਆਂ ਦਾ ਜੋੜ ਹੈ।

ਬਦਨ ਤੋਂ ਉਸਦੇ ਜਦੋਂ ਸਰਕੇ ਲਿਬਾਸ,
ਤਪਸ਼ ਉਸਦੀ ਤੇ ਮਿਰੀ ਦਾ ਤੋੜ ਹੈ।

* * *

## ਗ਼ਜ਼ਲ

ਜ਼ਿੰਦਗੀ ਦੇ ਵਿਚ ਮੈਂ ਕੀ ਕੀ ਅਜ਼ਾਬ ਵੇਖੇ।
ਓਨੀ ਸਵਾਲ ਹੋਈ ਜਿੰਨੇ ਜਵਾਬ ਵੇਖੇ।

ਓਸ਼ੋ, ਰਮਾਇਣ, ਗੀਤਾ, ਸਭ ਨੂੰ ਪਲੀਤ ਕੀਤਾ,
ਵਾਰਿਸ ਤੇ ਮੰਟੋ ਵੰਡੇ ਰੋਂਦੇ ਰਬਾਬ ਵੇਖੇ।

ਹੋਈ ਨ ਕੋਈ ਬੰਦਿਸ਼ ਮੇਰੇ ਖਿਆਲਾਂ ਉੱਤੇ,
ਜਿੰਨੇ ਵੀ ਆਏ ਮੈਨੂੰ ਓਨੇ ਹੀ ਖ਼ਾਬ ਵੇਖੇ।

ਨੈਣਾਂ 'ਚ ਇਕ ਨਦੀ ਹੈ ਨਕਸ਼ਾਂ 'ਚ ਹੈ ਖ਼ੁਦਾਈ,
ਸੂਰਜ ਵੀ ਮਾਤ ਖਾਵੇ ਉਸਦੀ ਜੇ ਤਾਬ ਵੇਖੇ।

ਜੋ ਮਾਰਦਾ ਸੀ ਤਾਅਨੇ ਕਰਦਾ ਮਖੌਲ ਹੁੰਦਾ,
ਗ਼ਜ਼ਲਾਂ ਦਾ ਸ਼ਿਅਰ ਕੋਈ ਪੜ੍ਹ ਕੇ ਜਨਾਬ ਵੇਖੇ।

* * *

## ਗ਼ਜ਼ਲ

ਕੁਝ ਕੁ ਸੀ ਖੰਡਰ ਸਲਾਮਤ ਕੁਝ ਕੁ ਉਡਦੇ ਪਰ ਮਿਲੇ।
ਜਾਂ ਸਲ੍ਹਾਬੇ ਜਾਂ ਧੁਆਂਖੇ, ਇਸ ਤਰ੍ਹਾਂ ਦੇ ਘਰ ਮਿਲੇ।

ਕੀ ਪਤਾ ਸੀ ਪੰਛੀਆਂ ਨੂੰ ਪਾਰਲੇ ਉਸ ਦੇਸ ਦਾ,
ਰਹਿਣ ਖਾਤਿਰ ਪਿੰਜਰੇ ਤੇ ਖਾਣ ਨੂੰ ਡਾਲਰ ਮਿਲੇ।

ਮੈਂ ਹਨੇਰੇ ਨਾਲ ਵੀ ਖਹਿ ਕੇ ਰਿਹਾ ਸਾਲਮ ਸਦਾ,
ਕਾਫ਼ਿਰਾ ਮਸਜਿਦ ਚ ਤੇਰੇ ਪੰਛੀਆਂ ਦੇ ਪਰ ਮਿਲੇ।

ਖੁਸ਼ਕ ਸੀ ਉਸਦਾ ਬਦਨ, ਖੁਸ਼ਕ ਸੀ ਉਸਦੀ ਅਦਾ,
ਖੁਸ਼ਕ ਦੇਖੇ ਨੈਣ ਲੇਕਿਨ, ਖ਼ਾਬ ਉਸਦੇ ਤਰ ਮਿਲੇ।

ਕਿਸ ਤਰ੍ਹਾਂ ਮੈਂ ਕਹਿ ਦਿਆਂ ਦਸ ਨੇਰ੍ਹ ਹੈ ਮੇਰੇ ਸ਼ਹਿਰ,
ਬੁਝ ਗਏ ਜਦ ਦੀਪ ਸਾਰੇ ਲਿਸ਼ਕਦੇ ਖ਼ੰਜਰ ਮਿਲੇ।

ਤੜਪ ਜਾਂਦੀ, ਸਹਿਮ ਜਾਂਦੀ, ਚੁੱਪ ਹਰ ਆਵਾਜ਼ ਤੇ,
ਚੁੱਪ ਵਰਗਾ ਸ਼ਖਸ ਕੋਈ ਆ ਮਿਲੇ ਪਲ ਭਰ ਮਿਲੇ।

ਤਰਜਮਾ ਕਰਦਾ ਰਹਾਂ ਸੂਰਤ ਤੇਰੀ ਦਾ ਵਿਚ ਗ਼ਜ਼ਲ,
ਉਮਰ ਭਰ ਚਾਹਤ ਤੇਰੀ ਦਾ ਖੁੱਲ੍ਹਿਆ ਬਸ ਦਰ ਮਿਲੇ।

ਮੁੱਦਤਾਂ ਤੋਂ ਚੁੱਪ ਹਾਂ ਪੱਥਰ ਜਿਹਾ ਮੈਂ ਹੋ ਗਿਆਂ,
ਹੋਂਦ ਦੇ ਤੜਪਨ ਲਈ ਤੇਰਾ ਕੋਈ ਪੱਤਰ ਮਿਲੇ।

ਰੰਗ ਟਹਿਕੇ, ਹੋਂਠ ਤੜਪੇ, ਸ਼ਿਅਰ ਵਿਚ ਹਰਕਤ ਬਣੀ,
ਕਲਮ ਤੇਰੀ ਦੇ ਗ਼ਜ਼ਲ ਨੂੰ ਚਾਰ ਜਦ ਅੱਖਰ ਮਿਲੇ।

* * *

## ਗ਼ਜ਼ਲ

ਤੇਰੇ ਹਰ ਅੰਗ ਹਰ ਅਹਿਸਾਸ ਨੂੰ ਐਸੀ ਹਿਨਾ ਦਿੰਦੇ।
ਬਦਨ ਤਾਂ ਕੀ ਤਿਰੇ ਹਰ ਖ਼ਾਬ ਨੂੰ ਚੰਦਨ ਬਣਾ ਦਿੰਦੇ।

ਨਸੀਬਾਂ ਵਿੱਚ ਜੇ ਹੁੰਦਾ ਧਰਤ ਦਾ ਇੱਕ ਵੀ ਟੁਕੜਾ,
ਅਸੀਂ ਬੰਜਰ ਜ਼ਮੀਨਾਂ ਵਿੱਚ ਵੀ ਕਲਮਾਂ ਲਗਾ ਦਿੰਦੇ।

ਅਸਾਡੇ ਘਰ ਖ਼ਿਜ਼ਾ, ਅੰਦਰ ਖ਼ਿਜ਼ਾ, ਬਾਹਰ ਖ਼ਿਜ਼ਾ ਖੇੜੇ,
ਅਸੀਂ ਮਹਿਮਾਨ ਨੂੰ ਦਿਲ ਤੋਂ ਸਿਵਾ ਕਿੱਥੇ ਜਗ੍ਹਾ ਦਿੰਦੇ।

ਮਿਰੇ ਤੋਂ ਰਹਿ ਨਹੀਂ ਹੁੰਦਾ ਉਦ੍ਹਾ ਦੀਦਾਰ ਕੀਤੇ ਬਿਨ,
ਮਿਰੇ ਰਾਹਾਂ 'ਚ ਉਹ ਵੀ ਬੇ-ਝਿਜਕ ਪਲਕਾਂ ਵਿਛਾ ਦਿੰਦੇ।

ਗ਼ਜ਼ਲ ਲਿਖਣੀ ਇਬਾਦਤ, ਸ਼ੌਂਕ ਹੈ ਪਰ ਸ਼ੌਂਕ ਏਸੇ ਵਿੱਚ,
ਅਸੀਂ ਅਸਮਾਨ ਨੂੰ ਸੂਈ ਦੇ ਨੱਕੇ 'ਤੇ ਟਿਕਾ ਦਿੰਦੇ।

ਇਸ਼ਕ ਦੀ ਕਲਮ ਲੈ ਦਹਿਲੀਜ਼ ਤੇ ਦਸਤਕ ਕਰੀ ਹੁੰਦੀ,
ਤਾਂ ਤੈਨੂੰ ਜ਼ਿੰਦਗੀ ਦਾ ਸਾਂਭਿਆ ਕੋਰਾ ਸਫ਼ਾ ਦਿੰਦੇ।

* * *

## ਗ਼ਜ਼ਲ

ਮਾਂ ਮਿਰੀ ਮੇਰੇ ਲਈ ਹੈ ਹਰ ਵਕਤ ਕਰਦੀ ਦੁਆ।
ਲੱਗ ਨਾ ਜਾਏ ਜ਼ਮਾਨੇ ਦੀ ਕਿਤੇ ਤੱਤੀ ਹਵਾ।

ਖ਼ੂਬਸੂਰਤ ਸੀ ਤਿਰੀ ਨਜ਼ਰਾਂ ਮਿਲਾਵਣ ਦੀ ਅਦਾ।
ਖ਼ੂਬਸੂਰਤ ਓਸ ਤੋਂ ਨਜ਼ਰਾਂ ਚੁਰਾਵਣ ਦੀ ਅਦਾ।

ਰੋ ਪਏ ਪਾਣੀ, ਮਗਰ ਸੀ ਕਿਸ਼ਤੀਆਂ ਮਜਬੂਰ ਵੀ,
ਪਾਣੀਆਂ ਤੋਂ ਕਿਸ਼ਤੀਆਂ ਆਖਿਰ ਤਾਂ ਸੀ ਹੋਣਾ ਜੁਦਾ।

ਕੌਣ ਤੇਰੇ ਸ਼ਹਿਰ ਹੈ ਸੂਲੀ ਨੂੰ ਮੱਥਾ ਟੇਕਦਾ,
ਕੌਣ ਦੇ ਕੇ ਜ਼ਹਿਰ ਪਿੱਛੋਂ ਜੀਣ ਦੀ ਦਿੰਦਾ ਦੁਆ।

ਇਸ 'ਚ ਹੋਏ ਦਫ਼ਨ ਨੇ ਬਚਪਨ ਦੇ ਚਾਅ, ਰੀਝਾਂ ਤੇ ਖ਼ਾਬ,
ਕੀ ਪਤਾ ਸੀ ਦਿਲ ਹੀ ਮੇਰਾ ਹੋ ਜਾਏਗਾ ਖ਼ਾਨਗਾਹ।

ਰੰਗ ਨਾ ਹਰਕਤ ਹੀ ਕੋਈ ਸੀ ਨਿਰੀ ਖੰਡਰ ਤਰ੍ਹਾਂ,
ਜੀਅ ਤਾਂ ਲੈਂਦੇ ਜ਼ਿੰਦਗੀ ਜੇ ਜੀਣ ਦੀ ਹੁੰਦੀ ਵਜ੍ਹਾ।

* * *

## ਗ਼ਜ਼ਲ

ਨਾ ਕੋਈ ਰਾਬਤਾ ਬਾਕੀ, ਨਾ ਕੋਈ ਰਤਜਗਾ ਬਾਕੀ।
ਮਿਰੇ ਰਸਤੇ ਚ ਹੁਣ ਬਚਿਆ ਨ ਕੋਈ ਹਾਦਸਾ ਬਾਕੀ।

ਬੜੀ ਮੁੱਦਤ ਦੇ ਮਗਰੋਂ ਜਾਣਿਆ ਹੁੰਦੇ ਨੇ ਕੀ ਰਿਸ਼ਤੇ,
ਨ ਰਿਸ਼ਤੇ ਗਰਜ ਦੇ ਹੁੰਦੇ, ਨ ਬਚਦੇ ਬਿਨ-ਵਜ੍ਹਾ ਬਾਕੀ।

ਇਹ ਵਾਜਿਬ ਹੈ ਜੁ ਤੈਥੋਂ ਦੂਰ ਹੋ ਕੇ ਹੋ ਗਿਆ ਤਨਹਾ,
ਸਿਰਫ਼ ਏਹੀ ਨਹੀਂ ਮੈਂ ਹੋ ਗਿਆ ਖ਼ੁਦ ਤੋਂ ਜੁਦਾ ਬਾਕੀ।

ਪਿਆਲਾ ਜ਼ਹਿਰ ਦਾ ਦੇ ਕੇ ਸੀ ਜਿਸਨੂੰ ਟੰਗਿਆ ਸੂਲੀ,
ਅਜੇ ਤਾਂ ਕਾਗਜ਼ਾਂ ਵਿਚ ਰਹਿ ਗਈ ਉਸਦੀ ਸਜ਼ਾ ਬਾਕੀ।

ਮਿਰੀ ਬਾਜੀ ਤੇ ਭਾਰੂ ਤੂੰ ਸਹੀ ਪਰ ਹਾਰਿਆ ਨਾ ਮੈਂ,
ਪਿਆਦਾ ਫੌਜ ਦੇ ਵਿਚ ਹੈ ਅਜੇ ਤੱਕ ਹੌਸਲਾ ਬਾਕੀ।

ਪਰਿੰਦਾ ਪਰਤ ਕੇ ਜਦ ਤੋਂ ਕਿਸੇ ਮਕਤਲ 'ਚੋਂ ਆਇਆ ਹੈ,
ਬੜਾ ਖ਼ੁਸ਼ ਜਾਪਦਾ ਦਿਲ ਵਿਚ ਅਜੇ ਪਰ ਤੌਖ਼ਲਾ ਬਾਕੀ।

ਨਫ਼ੀ ਕਰਦਾ ਰਿਹਾ ਖ਼ੁਦ ਨੂੰ ਤੇਰੀ ਹਰ ਯਾਦ 'ਚੋਂ ਫਿਰ ਵੀ,
ਮਿਰੇ ਅੰਦਰ ਕਿਸੇ ਕੋਨੇ ਚ ਤੂੰ ਹੈਂ ਰਹਿ ਗਿਆ ਬਾਕੀ।

ਮੈਂ ਟੁੱਟਦਾ ਵੇਖਿਆ ਤਾਰਾ ਤੇ ਇਹ ਮੰਗੀ ਦੁਆ ਉਸਤੋਂ,
ਮਿਰੇ ਮਹਿਬੂਬ ਦੀ ਖ਼ਾਤਿਰ ਜੋ ਹੈ, 'ਦੇ ਜਾ' ਦੁਆ ਬਾਕੀ।

ਮਿਰੇ ਚਿਹਰੇ ਚੋਂ ਮੇਰੇ ਨਕਸ਼ ਹੀ ਬਸ ਗੁੰਮ ਨੇ ਹੋਏ,
ਕਬੂਲਾਂਗਾ ਖਿੜੇ ਮੱਥੇ, ਜੇ ਕੋਈ ਹੈ ਸਜ਼ਾ ਬਾਕੀ।

* * *

## ਗ਼ਜ਼ਲ

ਮੇਰੇ ਖ਼ਾਬਾਂ ’ਤੇ ਚੜ੍ਹਦੀ ਦਿਸ ਰਹੀ ਹੈ ਪਿਆਰ ਦੀ ਰੰਗਤ।
ਤੇਰੇ ਹੋਠਾਂ ’ਤੇ ਵੀ ਹੈ ਆ ਰਹੀ ਇਜ਼ਹਾਰ ਦੀ ਰੰਗਤ।

ਮੇਰਾ ਅੰਦਾਜ਼ ਹੈ ਤੁਰਨਾ, ਜ਼ਰਾ ਤੌਫ਼ੀਕ ਬਖਸ਼ੀਂ ਤੂੰ,
ਮੇਰੇ ਕਦਮਾਂ ’ਚ ਥੋੜ੍ਹੀ ਆ ਰਹੀ ਰਫ਼ਤਾਰ ਦੀ ਰੰਗਤ।

ਗ਼ਜ਼ਲ ਵਰਗੀ ਤਿਰੀ ਸੂਰਤ, ਬਹਿਰ ਵਰਗਾ ਬਦਨ ਤੇਰਾ,
ਇਦ੍ਹੇ ਵਿਚ ਸ਼ਰਮ ਮਿਲ ਜਾਵੇ ਬਣੇ ਸਰਕਾਰ ਦੀ ਰੰਗਤ।

ਮੇਰਾ ਦਿਲ ਇਸ ਤਰ੍ਹਾਂ ਡੁੱਬਿਆ ਜਿਵੇਂ ਸੂਰਜ ਕੁਈ ਡੁੱਬਦਾ,
ਤੇਰੀ ਅੱਖਾਂ ’ਚ ਦਿਲ ਨੇ ਪੜ੍ਹ ਲਈ ਇਨਕਾਰ ਦੀ ਰੰਗਤ।

ਤੇਰੇ ਹੋਠਾਂ ਦੀ ਲਾਲੀ ਕਰ ਰਹੀ ਮਜਬੂਰ ਮੈਨੂੰ ਵੀ,
ਤੇਰੇ ਨੈਣਾਂ ’ਚ ਥੋੜ੍ਹੀ ਟੋਲਦਾਂ ਇਕਰਾਰ ਦੀ ਰੰਗਤ।

* * *

## ਗ਼ਜ਼ਲ

ਤਿਰੇ ਖ਼ਤ ਸਾਂਭਣੇ ਔਖੇ, ਤਿਰੇ ਖ਼ਤ ਪਾੜਨੇ ਔਖੇ।
ਇਹ ਸੂਲੀ ਚਾੜ੍ਹਦੇ ਮੈਨੂੰ, ਇਹ ਸੂਲੀ ਚਾੜ੍ਹਨੇ ਔਖੇ।

ਮਿਰੀ ਨਿੱਕੀ ਜਿਹੀ ਗਲਤੀ 'ਤੇ ਐਵੇਂ ਫੇਰ ਨਾ ਅੱਖਾਂ,
ਇਹ ਪੰਛੀ ਮਨ ਦੇ ਨੇ ਸੀਖਾਂ ਦੇ ਅੰਦਰ ਤਾੜਨੇ ਔਖੇ।

ਦਿਲਾਂ ਦੀ ਸਾਂਝ ਹੁੰਦੀ ਹੈ ਇਸ਼ਕ ਦੇ ਅਜਬ ਨੇ ਮੰਜ਼ਰ,
ਇਹ ਰਿਸ਼ਤੇ ਖ਼ੁਦ-ਬ-ਖ਼ੁਦ ਬਣਦੇ ਬੜੇ ਹੀ ਹਾੜਨੇ ਔਖੇ।

ਮਿਰੀ ਸੋਚਾਂ ਚ ਤੇਰੀ ਯਾਦ ਦਾ ਇਕ ਬਿਰਖ਼ ਐਸਾ ਹੈ,
ਜਿਦ੍ਹੀ ਛਾਂ ਵੀ ਨਹੀਂ ਮਿਲਦੀ ਜਿਦ੍ਹੇ ਪੱਤ ਝਾੜਨੇ ਔਖੇ।

ਇਸ਼ਕ ਅੰਗਾਰ ਹੈ ਇਹ ਸਾੜਦਾ ਤੇ ਖ਼ਾਕ ਹੈ ਕਰਦਾ,
ਤਜ਼ਾਰਤ ਹੀਰਿਆਂ ਦੀ ਹੈ ਤਿਰੀ ਹੱਥ ਸਾੜਨੇ ਔਖੇ।

ਮੈਂ 'ਈਸਾ' ਦੀ ਕੋਈ ਤਸਵੀਰ ਇਸ ਲਈ ਕੰਧ ਨਾ ਟੰਗੀ,
ਕਿ ਕੇਰਾਂ ਚੜ੍ਹ ਗਏ ਸੂਲੀ ਦੁਬਾਰਾ ਚਾੜ੍ਹਨੇ ਔਖੇ।

* * *

## .ਗ਼ਜ਼ਲ

ਜਿਸ ਸਮੇਂ ਤੇਰਾ ਵਤੀਰਾ ਹੋ ਗਿਆ ਸੰਸਾਰ ਵਰਗਾ।
ਟੁੱਟਿਆ ਅੰਦਰ ਮਿਰੇ ਕੁਝ ਓਸ ਦਿਨ ਇਤਬਾਰ ਵਰਗਾ।

ਨਿੱਤ ਉਸਨੂੰ ਵੇਖਦਾ ਹਾਂ ਦੂਰ ਤੋਂ ਨਜ਼ਰਾਂ ਚੁਰਾ ਕੇ,
ਕੀ ਕਰਾਂ ਇਸ ਤੋਂ ਜ਼ਿਆਦਾ ਓਸਨੂੰ ਇਜ਼ਹਾਰ ਵਰਗਾ

ਟੰਗਿਆ ਕਾਲਰ ਤੇ ਜੋ ਸੀ ਫੁੱਲ ਇਕ ਦਿਨ ਆਣਕੇ ਤੂੰ,
ਜਾਪਦਾ ਹੈ ਸ਼ਾਮ ਸੁਬਹ ਜ਼ਿੰਦਗੀ ਤੇ ਭਾਰ ਵਰਗਾ।

ਦੌੜ ਕੇ ਮਿਲਦੀ ਹੈ ਭਾਵੇਂ ਹਰ ਗਲੀ ਤੇਰੇ ਸ਼ਹਿਰ ਦੀ,
ਕੀ ਕਰਾਂ ਪਰ ਤੂੰ ਪਲਾਂ ਵਿਚ ਹੋ ਗਿਆ ਦੀਵਾਰ ਵਰਗਾ।

ਆਲ੍ਹਣੇ ਵਿਚ ਬੋਟ ਜੀਕੂੰ ਰਹਿ ਗਿਆ ਰਾਤੀਂ ਇਕੱਲਾ,
ਤੜਪਦਾ ਹੈ ਦਿਲ ਤਿਰੇ ਬਿਨ ਇਸ ਤਰ੍ਹਾਂ ਜਲ-ਧਾਰ ਵਰਗਾ।

'ਦੀਪ' ਤੇਰਾ ਹਰ ਵਕਤ 'ਨਾਂ' ਜੋ ਲਵੇ ਆਇਤਾਂ ਤਰ੍ਹਾਂ ਹੀ,
ਅਕਸ ਅਪਣਾ ਤੋੜ ਕੇ ਉਹ ਬਣ ਗਿਆ ਹੈ ਯਾਰ ਵਰਗਾ।

* * *

## ਗ਼ਜ਼ਲ

ਖ਼ਾਮੋਸ਼ੀਆਂ 'ਚੋਂ ਵੀ ਜਿਵੇਂ ਤੇਰੀ ਸਦਾ ਆਉਂਦੀ ਰਹੀ।
ਆਗੋਸ਼ ਵਿਚ ਮੇਰੇ ਸਦਾ ਹਸਦੀ ਰਹੀ ਗਾਉਂਦੀ ਰਹੀ।

ਉਸ ਨਦੀ ਦੇ ਬਦਨ 'ਤੇ ਹੁਣ ਫ਼ਿਕਰ ਜਾਂ ਕੁਝ ਹੋਰ ਹੈ,
ਜੋ ਸਮੰਦਰ ਵਿਚ ਚਿਰਾਂ ਤੋਂ ਸੀ ਨਗਨ ਨ੍ਹਾਉਂਦੀ ਰਹੀ।

ਦਿਲ ਕਰੇ ਜਸ਼ਨਾਂ 'ਚ ਵੀ ਸ਼ਿਰਕਤ ਕਰਾਂ ਪਰ ਸਾਮ੍ਹਣੇ,
ਪਾਲ਼ ਇਕ ਮਜਬੂਰੀਆਂ ਦੀ ਹਰ ਵਕਤ ਆਉਂਦੀ ਰਹੀ।

ਮੱਥੇ 'ਤੇ ਤੇਰੇ ਚੰਨ ਦਾ ਟਿੱਕਾ ਬੜਾ ਜਚਦਾ ਰਿਹਾ,
ਪਰ ਇਬਾਰਤ ਰਾਤ ਦੀ ਲੇਖੀਂ ਮੇਰੇ ਆਉਂਦੀ ਰਹੀ।

ਉਹ ਸਮੰਦਰ ਦੀ ਸਤ੍ਹਾ ਤੋਂ ਭਾਲਦੀ ਮੋਤੀ ਰਹੀ,
ਖਾਲੀ ਘੋਗੇ, ਸਿੱਪੀਆਂ ਨਾਲ ਪਰਤ ਕੇ ਆਉਂਦੀ ਰਹੀ।

ਮੈਂ ਬੜਾ ਚਿਰ ਇਸ਼ਕ ਦੀ ਲਿੱਪੀ 'ਚ ਵੀ ਲਿਖਦਾ ਰਿਹਾ,
ਪਰ ਗ਼ਜ਼ਲ ਮਜਬੂਰੀਆਂ, ਥੋੜਾਂ 'ਚੋਂ ਵੀ ਆਉਂਦੀ ਰਹੀ।

ਖੰਡਰਾਂ ਦੀ ਚੁੱਪ ਦਾ ਅਨੁਭਵ ਹੈ ਜਾਂ ਬਸ ਜ਼ਿਕਰ ਹੈ,
'ਦੀਪ' ਤੇਰੀ ਕਲਮ 'ਚੋਂ ਸ਼ਾਇਰੀ ਕਿਵੇਂ ਆਉਂਦੀ ਰਹੀ।

* * *

## ਗ਼ਜ਼ਲ

ਸਫ਼ਰ 'ਤੇ ਹਾਂ ਤੁਰ ਪਿਆ ਰਸਤੇ ਨੂੰ ਲੈ ਕੇ ਨਾਲ ਮੈਂ।
ਇਸ਼ਕ ਹੈ ਮੰਜ਼ਿਲ ਮੇਰੀ ਕਰਦਾ ਹਾਂ ਤੇਰੀ ਭਾਲ ਮੈਂ।

ਮੈਂ ਤੇਰੀ ਖਾਤਿਰ ਕਦੇ ਰਸਤਾ, ਕਦੇ ਜੁਗਨੂੰ ਬਣਾਂ,
ਦਿਲ 'ਚ ਇੱਕ ਚਾਹਤ ਰਹੀ, ਬਣਿਆ ਨ ਤੇਰਾ ਖ਼ਿਆਲ ਮੈਂ।

ਇਸ ਤਰ੍ਹਾਂ ਦੀ ਪਿਆਸ ਸੀ ਮੈਨੂੰ ਸੀ ਪਲ-ਪਲ ਪੀ ਰਹੀ,
ਤੇਵਰ ਨ ਬਦਲੇ ਆਪਣੇ, ਬਦਲੀ ਨ ਅਪਣੀ ਚਾਲ ਮੈਂ।

ਸ਼ਿਅਰ ਹਰ ਮੇਰੀ ਗ਼ਜ਼ਲ ਦਾ ਹੈ ਮੁਖ਼ਾਤਿਬ 'ਦੀਪ' ਨੂੰ,
ਸਿਤਮ ਹੈ ਕੈਸਾ ਇਹ ਰੱਖੇ ਹਨੇਰੇ ਪਾਲ਼ ਮੈਂ।

ਮੋਮ ਵਾਂਗੂ ਢਾਲ ਕੇ ਆਖ਼ਿਰ ਬਣਾ ਪੱਥਰ ਗਿਆ,
ਜਿਸ ਲਈ ਰਸਤਾ ਕਦੇ ਬਣਿਆਂ ਸਾਂ ਜਿਸ ਲਈ ਢਾਲ ਮੈਂ।

ਹੱਥ ਫੜ੍ਹ ਮੇਰਾ ਕਦੇ ਜੇ ਤੁਰ ਪਏਂ ਤੂੰ ਦੋ ਕਦਮ,
ਪੌਣ, ਪੱਥਰ, ਪਾਣੀਆਂ ਵਿਚ ਕਰ ਦਿਆਂ ਸੁਰਤਾਲ ਮੈਂ।

* * *

## ਗ਼ਜ਼ਲ

ਸ਼ੁਦਾਈ ਹੋ ਗਿਆਂ ਤੇਰਾ ਖ਼ਰੇ ਕਾਤਿਲ ਅਦਾ ਤੇਰੀ।
ਕਿਸੇ ਕੋਨੇ ਚ ਰਹਿੰਦੀ ਗੂੰਜਦੀ ਹਰ ਪਲ ਸਦਾ ਤੇਰੀ।

ਬਦਨ ਤੇਰਾ ਨਕਾਸ਼ੀ ਜਿਸ ਤਰ੍ਹਾਂ ਖਜੁਰਾਹੋ ਦੇ ਮੰਦਿਰ,
ਨਿਹਾਇਤ ਖ਼ੂਬਸੂਰਤ ਹੈ ਤਬੱਸਮ ਦੀ ਅਦਾ ਤੇਰੀ।

ਮੁਸੱਵਰ ਸ਼ਹਿਰ ਮੇਰੇ ਦੇ ਅਜੇ ਕੋਰੇ ਹੁਨਰ ਤੋਂ ਨੇ,
ਨਹੀਂ ਕੈਨਵਸ ਤੇ ਆ ਸਕਦੀ ਸ਼ਗੂਫ਼ਾ ਹਰ ਅਦਾ ਤੇਰੀ।

ਜ਼ਿਆਰਤ ਕਰ ਕੇ ਮੁੜਿਆ ਹਾਂ, ਇਹ ਮੰਨਤ ਦਿਲ 'ਚ ਸੀ ਮੇਰੇ,
ਖ਼ੁਦਾਯਾ ਪੂਰ ਹੋ ਜਾਵੇ ਕਿ ਹਰ ਇਕ ਇਲਤਿਜਾ ਤੇਰੀ।

ਦਿਲਾਂ ਦੇ ਪਾਣੀਆਂ ਅੰਦਰ ਹੈ ਖਿੜਿਆ ਨੀਲਫ਼ਰ ਏਦਾਂ,
ਜਿਵੇਂ ਮੀਰਾਂ ਦੇ ਸਾਹਵੇਂ ਰਹਿ ਜਾਏ ਸੂਰਤ ਖ਼ੁਦਾ ਤੇਰੀ।

* * *

## .ਗ਼ਜ਼ਲ

ਬਸ਼ਰ ਮੇਰੇ ਸ਼ਹਿਰ ਦਾ ਦਿਨ ਚੜ੍ਹੇ ਬਾਜ਼ਾਰ ਜਾਂਦਾ ਹੈ।
ਉਹ ਸਾਰਾ ਦਿਨ ਵਿਕੇ ਓਥੇ ਤੇ ਸ਼ਾਮੀ ਪਰਤ ਆਂਦਾ ਹੈ।

ਤਹੱਮਲ ਨਾਲ ਜੇ ਬੈਠੇ ਕਦੇ ਉਸਨੂੰ ਮੈਂ ਸਮਝਾਵਾਂ,
ਹਵਾ ਦੇ ਵਾਂਗ ਮਿਲਦਾ ਏ ਤੂਫ਼ਾਨਾਂ ਵਾਂਗ ਜਾਂਦਾ ਹੈ।

ਜਦੋਂ ਮੈਂ ਘਰ 'ਚ ਨਾ ਹੋਵਾਂ ਉਹ ਮੈਨੂੰ 'ਡੀਕਦਾ ਲੇਕਿਨ,
ਜਦੋਂ ਮੈਂ ਘਰ 'ਚ ਆ ਜਾਵਾਂ ਤਦੇ ਹੀ ਪਰਤ ਜਾਂਦਾ ਹੈ।

ਪਰਤ ਕੇ ਓਸਨੇ ਦਰਿਆ ਦਾ ਆਖ਼ਿਰ ਹੱਥ ਫੜ ਲੀਤਾ,
ਮਗਰ ਦਰਿਆ ਬੜਾ ਸ਼ਾਤਿਰ ਬਦਨ ਉਸਦੇ 'ਤੇ ਜਾਂਦਾ ਹੈ।

ਹਵਾਵਾਂ ਨਾਲ ਪੰਛੀ ਵੇਖਦਾਂ ਅਠਖੇਲੀਆਂ ਕਰਦੇ,
ਹਵਾ ਨਾ ਰੁਖ ਬਦਲ ਜਾਵੇ ਦਿਲੋਂ ਇਹ ਖ਼ੌਫ਼ ਖਾਂਦਾ ਹੈ।

* * *

## ਗ਼ਜ਼ਲ

ਮੁਸਾਫ਼ਿਰ ਸ਼ਾਮ ਹੋਈ ਤਾਂ ਪਰਤ ਆਏ ਘਰਾਂ ਨੂੰ।
ਮਗਰ ਉਹ ਸੀਨਿਆਂ ਵਿਚ ਆ ਗਏ ਲੈ ਕੇ ਡਰਾਂ ਨੂੰ।

ਉਹ ਮੇਰੇ ਕੋਲ ਵੀ ਹੈ ਜਾਪਦਾ ਤੇ ਦੂਰ ਵੀ ਏਦਾਂ,
ਕਿਨਾਰੇ ਤੋਂ ਸਰਕ ਜਾਂਦਾ ਜਿਵੇਂ ਦਰਿਆ ਪਰ੍ਹਾਂ ਨੂੰ।

ਮਿਰੇ ਬਿਨ ਉਹ ਵੀ ਤਨਹਾ ਹੈ, ਉਦਾਸਾ ਹੈ, ਗਵਾਚਾ ਹੈ,
ਜਦੋਂ ਮੈਂ ਵੇਖਦਾਂ ਜਾ ਕੇ ਕਦੇ ਅਪਣੇ ਗਰਾਂ ਨੂੰ।

ਤਿਰੇ ਦਿਲ ਦੇ ਕਿਸੇ ਕੋਨੇ 'ਚ ਬਸ ਹੁਣ ਗੁਜ਼ਰ ਹੋ ਸਕਦੀ,
ਗੁਜ਼ਰ ਜਾਵੇਗੀ ਇਹ ਦੁਨੀਆ ਮੈਂ ਕੀ ਕਰਨਾ ਸਰਾਂ ਨੂੰ।

ਨਹੀਂ ਮਨਜ਼ੂਰ ਸੀ ਉਸਨੂੰ ਕਿਸੇ ਪਿੰਜਰੇ 'ਚ ਪੈ ਜਾਣਾ,
ਉਹ ਡੂੰਘਾ ਦਫ਼ਨ ਕਰ ਆਇਆ ਕਿਤੇ ਅਪਣੇ ਪਰਾਂ ਨੂੰ।

* * *

## ਗ਼ਜ਼ਲ

ਸੁਣਿਆ ਉਹ ਪਰਤ ਆਇਆ ਨਦੀਆਂ ਦੇ ਨਾਲ ਰਹਿ ਕੇ।
ਐਪਰ ਉਦਾਸ ਮੁੜਿਆ ਹੋਠਾਂ, 'ਤੇ ਪਿਆਸ ਲੈ ਕੇ।

ਸ਼ੀਸ਼ੇ ਦਾ ਪਾਉਣ ਏਥੇ ਅਕਸਰ ਲਿਬਾਸ ਲੋਕੀ,
ਤੁਰਦੇ ਨੇ ਪੱਥਰਾਂ ਦੀ ਵੀ ਨਾਲ ਓਟ ਲੈ ਕੇ।

ਮਿੱਟੀ ਦੀ ਸੀ ਬਾਸਾਤ ਤੇ ਬਾਰਿਸ਼ ਦੀ ਨਰਦ ਹਰ ਇਕ,
ਉਹ ਖੇਡਦੇ ਸੀ ਬਾਜ਼ੀ ਧੁੱਪਾਂ ਨੂੰ ਨਾਲ ਲੈ ਕੇ।

ਸ਼ੀਸ਼ੇ ਦਾ ਜਿਸਮ ਤੇਰਾ ਮੇਰੀ ਨਿਗਾਹ ਪੱਥਰ,
ਨਾ ਦੇਖ ਇਸ ਤਰ੍ਹਾਂ ਤੂੰ ਏਨਾ ਕਰੀਬ ਬਹਿ ਕੇ।

ਮਹਿਬੂਬ ਮੇਰੀ ਮੈਨੂੰ ਮਹਿਰਮ, ਮਸੀਹ, ਮਸਜਿਦ,
ਕਲਮਾ, ਨਮਾਜ਼ ਭੁੱਲੇ ਸਾਹਾਂ 'ਚ ਉਸ ਨੂੰ ਲੈ ਕੇ।

ਸੁਪਨੇ ਨ ਹੋਣ ਜ਼ਖ਼ਮੀ ਤੇ ਅੱਖ ਭਰੇ ਨ ਤੇਰੀ,
'ਜਗਤਾਰ' ਤੇਰੇ ਦਰ 'ਤੇ ਆਇਆ ਦੁਆ ਮੈਂ ਲੈ ਕੇ।

* * *

## ਗ਼ਜ਼ਲ

ਇੱਕ ਮੁਸਾਫ਼ਿਰ ਵੇਖਿਆ ਮੰਜ਼ਿਲ 'ਤੇ ਜਾ ਕੇ ਰੋ ਪਿਆ।
ਖ਼ੌਫ਼ ਵੀ ਕੈਸਾ ਜੁ ਉਸਦੇ ਦਿਲ 'ਚ ਆ ਕੇ ਰੋ ਪਿਆ।

ਕੀ ਪਤਾ ਕਿੰਨੇ ਸਮੁੰਦਰ ਉਸਦੇ ਅੰਦਰ ਨੇ ਅਜੇ,
ਸਿਸਕਦਾ ਦਰਿਆ ਨਦੀ ਦੇ ਕੋਲ ਜਾ ਕੇ ਰੋ ਪਿਆ।

ਘਰ ਦਿਆਂ ਦਰਵਾਜ਼ਿਆਂ ਤੱਕ ਪਰਤ ਜੋ ਸਕਿਆ ਨਹੀਂ,
ਯਾਰੀਆਂ ਉਹ ਰਸਤਿਆਂ ਦੇ ਨਾਲ ਪਾ ਕੇ ਰੋ ਪਿਆ।

ਜਰ ਨਹੀਂ ਸਕਿਆ ਜਾਂ ਉਹ ਮੇਰੀ ਉਦਾਸੀ ਜ਼ਿੰਦਗੀ,
ਤੋੜ ਕੇ ਰਿਸ਼ਤੇ ਮਿਰੇ ਅੰਦਰ ਉਹ ਆ ਕੇ ਰੋ ਪਿਆ।

ਕਿਸ ਤਰ੍ਹਾਂ ਦੀ ਸੀ ਵਿਦਾਈ, ਸੀ ਵਿਦਾਈ ਜਾਂ ਜੁਦਾਈ,
ਤੂੰ ਘਰੋਂ ਜਾ ਕੇ ਅਤੇ ਮੈਂ ਘਰ 'ਚ ਆ ਕੇ ਰੋ ਪਿਆ।

* * *